# ਪਰਵਾਸੀ ਦਾ ਪਰਵਾਜ਼

ਕੰਵਲ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪਰਵਾਸੀ
# ਦਾ
# ਪਰਵਾਜ਼

ਹਰਜਿੰਦਰ ਸਿੰਘ ਕੰਵਲ

Sri Satguru Jagjit Singh Ji eLibrary NamdhariElibrary@gmail.com

PARWASI DA PARWAZ
Punjabi Poetry
by H. S. Kanwal

© ਪਹਿਲੀ ਵਾਰ : 500

ਕੀਮਤ : ਕੇਵਲ ਇਕ ਪੌਂਡ

Publisher : Panjabi Parkashan Coventry
91, Mantilla Drive, Coventry, CV3 6LJ
Tele. 0203-415531

Printer : National Press of India
Pleasure Garden Market,Ch.Chowk Delhi

ਮਿਲਣ ਦਾ ਪਤਾ : ਭਾਰਤ ਵਿਚ

ਬਰਤਾਨੀਆਂ ਵਿਚ

Sri Satguru Jagjit Singh Ji eLibrary NamdhariElibrary@gmail.com

## ਸਮਰਪਣ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ, ਜਿਨ੍ਹਾਂ ਦੀ ਅਗਾਧ ਪ੍ਰੇਰਨਾ ਅਤੇ ਬਖ਼ਸ਼ਿਸ਼ਾਂ ਦੁਆਰਾ ਇਹ ਸਿਰਜਣਾ ਫਲੀਭੂਤ ਹੋਈ ।

'ਕੰਵਲ'

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸ਼ੀਸ਼ਾ ਬੋਲਦਾ ਹੈ

ਮੇਰਾ ਆਪਣਾ ਰੰਗ 7
ਭੂਮਿਕਾ 9

**ਮੇਰੀ ਰੂਹ ਦਾ ਰੰਗ**

ਮਾਨਵ ਗੀਤ 17
ਪੰਛੀ ਨੇ ਉਡ ਜਾਣਾ 19
ਧਰਤੀ ਨੂੰ ਭਾਗ ਲਗ ਗਏ 21
ਪ੍ਰੇਮ ਦੀ ਗਲੀ 23
ਅੱਖੀਆਂ ਤਰਸਦੀਆਂ 25
ਕੂਕੇ ਕੂਕ ਰਹੇ ! 27
ਰੂਹ ਦਾ ਨਗ਼ਮਾ 29
ਹੋਂਦ ਦਾ ਗੀਤ 31

**ਰੰਗ ਤਗ਼ਜ਼ਲ**

ਗ਼ਜ਼ਲ 35
ਪਤਝੜ 37
ਗ਼ਜ਼ਲ 38
ਗ਼ਜ਼ਲ 39
ਕੈਨੀਆ 41
ਨੈਰੋਬੀ 43
ਗ਼ਜ਼ਲ 45
ਗ਼ਜ਼ਲ 47
ਗ਼ਜ਼ਲ 49
ਦਿਲ 51
ਵਿਅੰਗੀ ਗ਼ਜ਼ਲ 53
ਗ਼ਜ਼ਲ 55
ਗ਼ਜ਼ਲ 57
ਗ਼ਜ਼ਲ 59
ਗ਼ਜ਼ਲ ਪਤਝੜ 60
ਕੰਵਲ 61

Sri Satguru Jagjit Singh Ji eLibrary NamdhariElibrary@gmail.com

ਗ਼ਜ਼ਲ 62
ਗ਼ਜ਼ਲ 63
ਤੇਰਾ ਨਾਮ 64
ਮਿਨੀ ਗ਼ਜ਼ਲ 65
ਅੱਥਰੂ 66
**ਮੇਰੀ ਨਗ਼ਮਾ ਸਾਂਝੀ**
ਗੀਤ ਗ਼ੈਬੀ ਆਵਾਜ਼ਾਂ 69
ਅਸਦ ਅਮਾਨਤ ਦੇ ਨਾਂ 71
ਗੀਤ 73
ਉਹ ਮੈਨੂੰ ਯਾਦ ਆਂਦੇ ਨੇ 75
**ਰੁਬਾਈ ਦਾ ਰੰਗ**
ਰੁਬਾਈ ਮੌਸਮ—ਇਕ 79
ਦੋ 80
ਤਿੰਨ 81
ਚਾਰ 82
ਪੰਜ 83
ਛੇ 84
ਸਤ 85
ਅਠ 86
ਨੌ 87
ਦਸ 88
ਗਿਆਰਾਂ 89
ਬਾਰਾਂ 90
ਤੇਰ੍ਹਾਂ 91
ਚੋਦਾਂ 92
ਪੰਦਰਾਂ, ਸੋਲ੍ਹਾਂ 93
ਸਤਾਰਾਂ, ਅੱਠਾਰਾਂ 94
ਉਨ੍ਹੀਂ, ਵੀਹ 95
ਇੱਕੀ, ਬਾਈ 96

Sri Satguru Jagjit Singh Ji eLibrary NamdhariElibrary@gmail.com

# ਮੇਰਾ ਆਪਣਾ ਰੰਗ

ਪੰਜਾਬੀ ਕਾਵਿ ਨੂੰ ਮੈਂ ਜੋ ਮੁਠੀ ਭਰ ਤਿਲ ਫੁਲ ਭੇਟ ਕਰ ਰਿਹਾ ਹਾਂ, ਉਹ ਮੇਰੇ ਪੰਜਾਬੀ ਬੋਲੀ ਪ੍ਰਤੀ ਪਿਆਰ ਤੇ ਸ਼ਰਧਾ ਦਾ ਫਲ ਹਨ। ਪ੍ਰਦੇਸ ਵਿਚ ਰਹਿ ਕੇ ਆਪਣੀ ਧਰਤੀ ਤੇ ਮਾਂ ਬੋਲੀ ਤੋਂ ਵਿਛੜਨ ਦਾ ਤੀਬਰ ਅਹਿਸਾਸ ਹੁੰਦਾ ਹੈ, ਉਸ ਅਹਿਸਾਸ ਨੇ ਮੇਰੇ ਅੰਦਰੋਂ ਕਵਿਤਾ ਜਗਾਈ। ਇਹ ਕਵਿਤਾਵਾਂ ਮੇਰੇ ਧੁਰ ਅੰਦਰੋਂ ਉੱਗ ਕੇ ਬਾਹਰ ਆਈਆਂ ਨੇ, ਤੇ ਇਨ੍ਹਾਂ ਕਵਿਤਾਵਾਂ ਦੇ ਇਕ ਇਕ ਅੱਖਰ, ਇਕ ਇਕ ਸਤਰ ਨਾਲ ਮੇਰੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਇਹ ਤਿਲ ਫੁਲ ਭੇਟ ਕਰ ਕੇ ਮੈਨੂੰ ਅਪਾਰ ਖੁਸ਼ੀ ਮਹਿਸੂਸ ਹੋ ਰਹੀ ਹੈ।

ਮੈਂ ਆਪਣੇ ਮਿਤ੍ਰ ਡਾ. ਚ. ਸ. ਚੰਨ ਦਾ ਦਿਲੋਂ ਮਸ਼ਕੂਰ ਹਾਂ, ਜੋ ਸਮੇਂ ਸਮੇਂ ਮੇਰਾ ਉਤਸ਼ਾਹ ਵਧਾਂਦੇ ਰਹੇ ਤੇ ਜਿਨ੍ਹਾਂ ਦੀ ਸੁਚੱਜੀ ਅਗਵਾਈ ਬਗੈਰ ਇਹ ਰਚਨਾਵਾਂ ਇਸ ਰੂਪ ਵਿਚ ਪਾਠਕਾਂ ਦੇ ਸਨਮੁਖ ਹੋਣੀਆਂ ਨਾ-ਮੁਮਕਿਨ ਸਨ। ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਇਹ ਕਿਤਾਬ ਵਜੂਦ ਵਿਚ ਆ ਸਕੀ ਹੈ। ਮੈਂ ਡਾ: ਵਣਜਾਰਾ ਬੇਦੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਭੂਮਿਕਾ ਲਿਖ ਕੇ ਮੇਰੀ ਹੌਂਸਲਾ ਅਫਜ਼ਾਈ ਕੀਤੀ ਹੈ।

'ਕੰਵਲ'

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

'ਪਰਵਾਸੀ ਦਾ ਪਰਵਾਜ਼' ਕੰਵਲ ਸਾਹਿਬ ਦਾ ਪਹਿਲਾ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਕਾਵਿ-ਪਸਾਰ ਦੇ ਕਈ ਰੰਗ-ਨਜ਼ਮਾਂ, ਗ਼ਜ਼ਲਾਂ, ਰੁਬਾਈਆਂ ਤੇ ਨਗ਼ਮੇ ਆਦਿ ਪੇਸ਼ ਕੀਤੇ ਹਨ। ਹਰ ਰੰਗ ਆਪਣੇ ਆਪ ਵਿਚ ਸ਼ੋਖ ਵੀ ਹੈ ਤੇ ਪਕਾ ਵੀ ਅਤੇ ਮਨ ਨੂੰ ਸਿਧਾ ਟੁੰਬਦਾ ਹੈ।

ਕੰਵਲ ਅਹਿਸਾਸਾਂ ਦਾ ਕਵੀ ਹੈ, ਉਸ ਨੇ ਜ਼ਿੰਦਗੀ ਨੂੰ ਜਿਵੇਂ ਮਹਿਸੂਸ ਕੀਤਾ ਹੈ, ਉਸ ਨੂੰ ਪੂਰੀ ਸੁਹਿਰਦਤਾ ਨਾਲ ਕਲਮ ਬੰਦ ਕੀਤਾ ਹੈ—

ਸੁਰਖ਼ ਗੁਲਾਬਾਂ ਦੇ ਮੌਸਮ ਵਿਚ
ਫੁਲਾਂ ਦੇ ਮੂੰਹ ਕਾਲੇ।
ਹਰ ਪੱਤੇ ਤੇ ਜ਼ਰਦੀ ਛਾਈ
ਬੂਟਾ ਛਾਲੇ ਛਾਲੇ।

ਕੰਵਲ ਨੂੰ ਆਪਣੀ ਹੋਂਦ ਦੀ ਡੋਡੀ ਤੇ ਮਾਣ ਹੈ, ਜੋ ਮਾਰੂ ਥਲਾਂ ਵਿਚ ਵੀ ਨਹੀਂ ਤਿੜਕੀ ਤੇ ਨਵੀਂ ਸ੍ਰਿਸ਼ਟੀ ਨੂੰ ਸਿਰਜਣ ਦੀ ਚਾਹਵਾਨ ਹੈ :

ਮਾਰੂਥਲ ਵਿਚ ਕੰਵਲ ਦੀ ਡੋਡੀ
ਇਸ ਪਰਲੋ ਤੋਂ ਬਚ ਗਈ



Sri Satguru Jagjit Singh Ji eLibrary NamdhariElibrary@gmail.com

ਮੁੜ ਸ੍ਰਿਸ਼ਟੀ ਨੂੰ ਸਿਰਜਣ ਵਾਲੀ
ਜੁਗਤੀ ਲਭਦੀ ਹਾਲੇ ।

'ਹੋਂਦ ਦੇ ਗੀਤ' ਵਿਚ ਉਹ ਜਗ ਤੇ ਬਹਾਰ ਬਣ ਕੇ ਵਸਣਾ ਚਾਹੁੰਦਾ ਹੈ :

ਅਸੀਂ ਜਗ ਉਤੇ ਵਸਣਾ ਬਹਾਰ ਬਣ ਕੇ
ਸੂਹੇ ਫੁਲਾਂ ਵਾਂਗ ਬਾਗ਼ਾਂ ਦਾ ਸ਼ਿੰਗਾਰ ਬਣ ਕੇ

ਭਾਵੇਂ ਇਹ 'ਕੰਵਲ' ਦਾ ਪਹਿਲਾ ਸੰਗ੍ਰਹਿ ਹੈ, ਪਰ ਇਨ੍ਹਾਂ ਕਵਿਤਾਵਾਂ ਵਿਚਲੀ ਖ਼ਿਆਲਾਂ ਦੀ ਨਵੀਨਤਾ ਤੇ ਗਹਿਰਾਈ ਅਤੇ ਰੂਪ ਦੀ ਪਰਪੱਕਤਾ ਉਸਦੇ ਉਜਲੇ ਭਵਿਖ ਦਾ ਹੁੰਗਾਰਾ ਭਰਦੀ ਹੈ ।

—ਵਣਜਾਰਾ ਬੇਦੀ



Sri Satguru Jagjit Singh Ji eLibrary NamdhariElibrary@gmail.com

## ਮੰਗਲ*

ਨਾਨਕ, ਅੰਗਦ, ਅਮਰ, ਰਾਮ, ਅਰਜਨ, ਹਰਗੋਬਿੰਦ ਚੰਦਨ ਕੇ ।
ਹਰਰਾਇ;ਹਰਕ੍ਰਿਸ਼ਨ, ਗੁਰੂ ਤੇਗ ਬਹਾਦਰ,ਗੋਬਿੰਦ ਸਿੰਘ ਨਿਕੰਦਨ ਕੇ ।
ਬਾਲਕ ਸਿੰਘ ਬਲੀ ਧਰ ਮੇਂ, ਗੁਰੂ ਰਾਮ ਸਿੰਘ ਅਭਿਨੰਦਨ ਕੇ ।
ਗੁਰੂ ਹਰੀ ਸਿੰਘ ਕੋ ਸੀਸ ਨਿਵਾ, ਪਗ ਬੰਧਨ ਜੀਵਨ ਨੰਦਨ ਕੇ ।
ਧੰਨ ਧੰਨ ਗੁਰੂ ਜਗਜੀਤ ਹਰੀ, ਖਿੜੇ 'ਕੰਵਲ' ਸਹਾਰੇ ਚਰਨਨ ਕੇ ।

---

* ਇਹ ਮੰਗਲ ਮੇਰੇ ਪੂਜਯ ਪਿਤਾ ਜੀ ਸ੍ਰ. ਫੰਮਣ ਸਿੰਘ 'ਕੰਵਲ' ਦੀ ਰਚਨਾ ਹੈ,ਜਿਨ੍ਹਾਂ ਦੀ ਅਸ਼ੀਰਵਾਦ ਨਾਲ ਇਹ ਕਾਰਜ ਨਪੇਰੇ ਚੜ੍ਹਿਆ ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਮੇਰੀ ਰੂਹ ਦਾ ਰੰਗ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਜਗਜੀਤ ਸਿੰਘ ਜੀ

ਮੇਰੇ ਸੰਸੇ ਸਭ ਹਰੂ ਗਾ, ਸਤਿਗੁਰੂ ਜਗਜੀਤ ਸਿੰਘ ।
ਚਿਤਵਨੀ ਪੂਰੀ ਕਰੂ ਗਾ, ਸਤਿਗੁਰੂ ਜਗਜੀਤ ਸਿੰਘ ।

ਸਤਿਗੁਰੂ ਜਗਜੀਤ ਸਿੰਘ ਦਾ ਮੇਰੇ ਮਨ ਅੰਦਰ ਸਰੂਪ,
ਰਸ ਰਸੀਲਾ ਮਾਖਿਉਂ ਹੈ, ਵਾਂਗ ਮਿਸਰੀ 'ਤੇ ਅਨੂਪ,
ਓਸ ਦੀ ਛੋਹ ਨਾਲ ਦੂਹਰਾ ਨਿਖਰਿਆ ਆਤਮ ਦਾ ਰੂਪ,
ਸਰਵ ਆਪੇ ਨੂੰ ਭਰੂਗਾ, ਸਤਿਗੁਰੂ ਜਗਜੀਤ ਸਿੰਘ ।

ਸਤਿਗੁਰ ਨੇ ਮੇਰੇ ਮਨ ਮੂਰਖ ਨੂੰ ਕਾਰੇ ਲਾਇਆ,
ਚਿੱਤ ਮੇਰਾ ਬਣ ਗਿਆ, ਬੈਕੁੰਠ ਦਾ ਹੁਣ ਸਾਇਆ,
ਗੀਤ ਅਣਹਦ ਨਾਦ ਵਾਲਾ ਮੇਰੇ ਹਿਰਦੇ ਗਾਇਆ,
ਸੁਗਮ ਸੁਰ ਦੀ ਨੀਂਹ ਧਰੂਗਾ, ਸਤਿਗੁਰੂ ਜਗਜੀਤ ਸਿੰਘ ।

ਸਤਿਗੁਰੂ ਪਰਤਾਪ ਸਿੰਘ ਦੀ ਜਾਗਦੀ ਹੈ ਆਤਮਾ,
ਜੋਸ ਕੀਤਾ ਨੂਰ ਦਾ ਨਾਲੇ ਜ਼ੁਲਮ ਦਾ ਖ਼ਾਤਮਾ,



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਹੈ ਆਤਮਾ ਤੇ ਸਤਿਗੁਰੂ ਪ੍ਰਮਾਤਮਾ,
ਨਾ ਡਰਾਊ ਨਾ ਡਰੂਗਾ, ਸਤਿਗੁਰੂ ਜਗਜੀਤ ਸਿੰਘ ।

ਸਤਿਗੁਰਾਂ ਦੇ ਦਰਸ ਅੰਦਰ, ਪਰਬਤਾਂ ਦੀ ਲਹਿਕ ਹੈ,
ਸਾਗਰਾਂ ਦੀ ਸਰਸਰਾਹਟ, ਪੰਛੀਆਂ ਦੀ ਚਹਿਕ ਹੈ,
ਉਚੀ ਜੀਵਨ ਜਾਚ, ਸੁਚੀ ਆਤਮਾ ਦੀ ਮਹਿਕ ਹੈ,
ਏਸ ਦੇਹ ਨੂੰ ਲੈ ਤਰੂਗਾ, ਸਤਿਗੁਰੂ ਜਗਜੀਤ ਸਿੰਘ ।

ਪੱਛਮੀ ਇਸ ਧਰਤ ਉਤੇ ਕਿਉਂ 'ਕੰਵਲ'ਖਿੜਦੇ ਨਹੀਂ ?
ਸੋਮਤਾਂ ਦੇ ਖੂਹ ਦੁਮਾਹਲੇ ਕਿਸ ਲਈ ਗਿੜਦੇ ਨਹੀਂ ?
ਮੁਗਧ ਨੈਣਾਂ ਦੇ ਦੋ ਬੂਹੇ ਹੁਣ ਕਿਉਂ ਭਿੜਦੇ ਨਹੀਂ ?
ਮਿਹਰ ਬਣ ਕੇ ਫਿਰ ਝਰੂਗਾ, ਸਤਿਗੁਰੂ ਜਗਜੀਤ ਸਿੰਘ ।

ਮੇਰੇ ਸੰਸੇ ਸਭ ਹਰੂ ਗਾ, ਸਤਿਗੁਰੂ ਜਗਜੀਤ ਸਿੰਘ ।
ਚਿਤਵਨੀ ਪੂਰੀ ਕਰੂ ਗਾ, ਸਤਿਗੁਰੂ ਜਗਜੀਤ ਸਿੰਘ ।



Sri Satguru Jagjit Singh Ji eLibrary NamdhariElibrary@gmail.com

## ਮਾਨਵ ਗੀਤ

ਰੋਂਦੀ ਮਾਨਵ ਜਾਤੀ । ਸਤਿਗੁਰ ਮਿਹਰ ਕਰੇ ।
ਵਿਲਕੇ ਪਈ ਹਯਾਤੀ । ਸਤਿਗੁਰ ਮਿਹਰ ਕਰੇ ।

ਕਤਲੋ ਗ਼ਾਰਤ ਦਾ ਇਹ ਦੌਰਾ,
ਸਾਰੇ ਜੱਗ ਤੇ ਫਿਰਿਆ ।
ਮੰਦਹਾਲੀ ਦੇ ਮੰਦ ਭਾਵਾਂ ਵਿਚ,
ਮਨ ਪਰਦੇਸੀ ਘਿਰਿਆ ।
ਤੜਫ ਰਹੇ ਦਿਨ ਰਾਤੀਂ ! ਸਤਿਗੁਰ ਮਿਹਰ ਕਰੇ—ਰੋਂਦੀ....

ਨਾ ਨਦੀਆਂ ਦੇ ਪੱਤਨ ਸੁੱਚੇ,
ਨਾ ਚਾਨਣ ਦੀਆਂ ਮਹਿਕਾਂ ।



Sri Satguru Jagjit Singh Ji eLibrary NamdhariElibrary@gmail.com

ਮਨ ਮੋਇਆ ਵਸ ਪਿਆ ਮਸ਼ੀਨੀਂ,
ਹਰਿਆਵਲ ਲਈ ਸਹਿਕਾਂ ।
ਪੈ ਜਾਏ ਤਿਸ ਦੀ ਝਾਤੀ । ਸਤਿਗੁਰ ਮਿਹਰ ਕਰੇ—ਰੋਂਦੀ...

ਕੋਈ ਸੁਰ ਵੀ ਰਾਸ ਨਾ ਆਇਆ,
ਛੇੜੀਆਂ ਸਭੇ ਤਰਬਾਂ ।
ਨਫੀਆਂ ਤੇ ਤਕਸੀਮਾਂ ਤਜ ਕੇ,
ਦਿਤੀਆਂ ਦਿਲ ਨੂੰ ਜ਼ਰਬਾਂ ।
ਛੋੜ ਬਹੇ ਪ੍ਰਭਾਤੀ । ਸਤਿਗੁਰ ਮਿਹਰ ਕਰੇ—ਰੋਂਦੀ...

ਹੰਗਾਮੇ ਵਿਚ ਗੁੰਮ ਹੋ ਗਿਆ,
'ਕੰਵਲ' ਚੁਪ ਦਾ ਹੋਕਾ ।
ਕਦ ਤਕ ਸੂਖਮ ਸਾਹ ਦਾ ਦੇਵਾਂ,
ਇਸ ਦੇਹੀ ਨੂੰ ਝੋਕਾ ?
ਕਾਟ ਰਹੀ ਕਲ-ਕਾਤੀ, ਸਤਿਗੁਰ ਮਿਹਰ ਕਰੇ—ਰੋਂਦੀ ।

ਰੋਂਦੀ ਮਾਨਵ ਜਾਤੀ । ਸਤਿਗੁਰ ਮਿਹਰ ਕਰੇ ।
ਵਿਲਕੇ ਪਈ ਹਯਾਤੀ । ਸਤਿਗੁਰ ਮਿਹਰ ਕਰੇ ।



Sri Satguru Jagjit Singh Ji eLibrary NamdhariElibrary@gmail.com

## ਪੰਛੀ ਨੇ ਉਡ ਜਾਣਾ

ਕਰ ਲੈ ਯਤਨ ਹਜ਼ਾਰ !
ਪੰਛੀ ਨੇ ਉਡ ਜਾਣਾ ।
ਦਿਸ—ਹੱਦੋ ਤੋਂ ਪਾਰ,
ਪੰਛੀ ਨੇ ਉਡ ਜਾਣਾ ।

ਇਸ ਪੰਛੀ ਦੇ ਖੰਭਾਂ ਅੰਦਰ ਜ਼ੋਰ ਜ਼ਮਾਨੇ ਭਰ ਦਾ,
ਇਸ ਪੰਛੀ ਦੀ ਚਹਿਕ ਜਿਵੇਂ ਕਿ ਸ਼ੋਰ ਹੋਵੇ ਮਹਿਸੂਰ ਦਾ
ਇਹ ਪੰਛੀ ਖ਼ੁੱਦਾਰ !
ਪੰਛੀ ਨੇ ਉਡ ਜਾਣਾ ।



Sri Satguru Jagjit Singh Ji eLibrary NamdhariElibrary@gmail.com

ਇਸ ਪੰਛੀ ਦਾ ਵਾਸ ਨਾ ਕਿਧਰੇ ਇਹ ਪੰਛੀ ਪਰਵਾਸੀ
ਪੂਰਬ ਤੋਂ ਪੱਛਮ ਤਕ ਇਸ ਨੇ ਭੋਗੀ ਸਦਾ ਉਦਾਸੀ
ਸਫਰਾਂ ਦਾ ਭੰਡਾਰ,
ਪੰਛੀ ਨੇ ਉੜ ਜਾਣਾ।

ਕੁਝ ਇਕ ਭੇਤ ਨੇ ਇਸਦੇ ਸਜਰੇ ਕੁਝ ਇਕ ਬਾਸੀ ਬੇਹੇ
"ਪਰਵਾਸੀ ਪਰਵਾਜ਼" ਦੇ ਅੰਦਰ ਲੁਕੇ ਨੇ ਕਈ ਸੁਨੇਹੇ
ਹੋਣੀ ਨੂੰ ਵੰਗਾਰ,
ਪੰਛੀ ਨੇ ਉਡ ਜਾਣਾ।

ਹਰ ਜ਼ੱਰਾ ਹਰ ਪੱਤਾ ਪਾਵੇ ਇਸ ਪੰਛੀ ਦੀਆਂ ਬਾਤਾਂ
ਸੌਨ ਸਵੇਰਾਂ, ਸੰਦਲੀ ਸ਼ਾਮਾਂ, ਅਤੇ ਮਹਿਕਦੀਆਂ ਰਾਤਾਂ
ਬਾਤਾਂ ਦਾ ਹੱਕਦਾਰ,
ਪੰਛੀ ਨੇ ਉਡ ਜਾਣਾ।

ਬਰਫ਼ਾਂ ਦੀ ਬਹੁਕਰ ਨੇ ਲੂਹੀਆਂ ਸੀਤ ਕੰਵਲ ਦੀਆਂ ਪੱਤੀਆਂ
ਗੀਤਾਂ ਨੂੰ ਯਖ਼ ਕਰ ਗਈਆਂ ਨੇ ਵਾਵਾਂ ਵਗੀਆਂ ਤੱਤੀਆਂ
ਛੱਡ ਕੇ ਹੁਣ ਸੰਸਾਰ,
ਪੰਛੀ ਨੇ ਉਡ ਜਾਣਾ।

ਕਰ ਲੈ ਯਤਨ ਹਜ਼ਾਰ,
ਪੰਛੀ ਨੇ ਉਡ ਜਾਣਾ।
ਦਿਸ-ਹੱਦੇ ਤੋਂ ਪਾਰ,
ਪੰਛੀ ਨੇ ਉਡ ਜਾਣਾ।



Sri Satguru Jagjit Singh Ji eLibrary NamdhariElibrary@gmail.com

## ਧਰਤੀ ਨੂੰ ਭਾਗ ਲਗ ਗਏ

ਜਿਥੇ ਰੱਤ ਹੈ ਸ਼ਹੀਦਾਂ ਆਣ ਡੋਹਲੀ,
ਧਰਤੀ ਨੂੰ ਭਾਗ ਲਗ ਗਏ ।
ਘੁੰਡੀ ਅਸਲੀ ਹਕੀਕਤਾਂ ਦੀ ਖੋਹਲੀ,
ਧਰਤੀ ਨੂੰ ਭਾਗ ਲਗ ਗਏ ।

ਜਿਥੇ ਜਿਥੇ ਬਲੀ ਸ਼ਹੀਦੀ ਵਾਲੀ ਲਾਟ ਹੈ,
ਕਣ ਕਣ ਹੋ ਗਿਆ ਅਸ਼ੋਕ ਸਮਰਾਟ ਹੈ,
ਪੋਲੀ ਮਾਖਿਓਂ ਦੀ ਬਣ ਗਈ ਪੋਹਲੀ,
ਤੇ ਧਰਤੀ ਨੂੰ ਭਾਗ ਲੱਗ ਗਏ ।



Sri Satguru Jagjit Singh Ji eLibrary NamdhariElibrary@gmail.com

ਅਣਖਾਂ ਦੇ ਬੀਜ ਜਿਸ ਧਰਤੀ ਤੇ ਬੀਜੇ ਨੇ,
ਫਲ ਉਹਦੇ ਖਾਧੇ ਉਥੇ ਆਣ ਦੂਜੇ ਤੀਜੇ ਨੇ,
ਭਰੀ ਪੀਹੜੀਆਂ ਨੇ ਵਿਰਸੇ ਦੀ ਗੋਹਲੀ,
ਤੇ ਧਰਤੀ ਨੂੰ ਭਾਗ ਲੱਗ ਗਏ ।

ਧਰਤੀ ਸ਼ਹੀਦਾਂ ਵਾਲੀ ਹੁੰਦੀ ਬੇ-ਨਜ਼ੀਰ ਹੈ,
ਦੂਰ ਦੂਰ ਪੁੱਜ ਜਾਂਦੀ ਏਸਦੀ ਤਾਸੀਰ ਹੈ,
ਖੇਲ੍ਹੇ ਰੱਤ ਵਿਚ ਦਿਨੇ ਰਾਤ ਹੋਲੀ,
ਤੇ ਧਰਤੀ ਨੂੰ ਭਾਗ ਲਗ ਗਏ ।

ਜਾਗ ਪੈਂਦੇ ਜੀਵਾਂ ਨਾਲ ਧਰਤੀ ਦੇ ਭਾਗ ਨੇ,
ਬਿਨਾ ਤੇਲ ਲਟਾ ਲਟ ਬਲਦੇ ਚਿਰਾਗ ਨੇ,
ਉਥੇ ਰੋਸਿਆਂ ਦੀ ਬਣਦੀ ਹੈ ਰੋਹਲੀ,
ਤੇ ਧਰਤੀ ਨੂੰ ਭਾਗ ਲਗ ਗਏ ।

ਖਿੜਦੇ ਕੰਵਲ ਉਥੇ ਵੇਖੇ ਬੇ-ਸ਼ੁਮਾਰ ਨੇ,
ਤਿਖੇ ਕੀਤੇ ਨੈਣ ਤੇ ਨਕਸ਼ ਤੇਜ਼ ਧਾਰ ਨੇ,
ਪੱਗ ਵੈਰੀਆਂ ਦੀ ਪੈਰਾਂ 'ਚ ਮਧੋਲੀ,
ਤੇ ਧਰਤੀ ਨੂੰ ਭਾਗ ਲਗ ਗਏ ।

ਜਿਥੇ ਰੱਤ ਹੈ ਸ਼ਹੀਦਾਂ ਆਣ ਡੋਹਲੀ,
ਧਰਤੀ ਨੂੰ ਭਾਗ ਲਗ ਗਏ ।
ਘੁੰਡੀ ਅਸਲੀ ਹਕੀਕਤਾਂ ਦੀ ਖੋਹਲੀ,
ਧਰਤੀ ਨੂੰ ਭਾਗ ਲਗ ਗਏ ।



Sri Satguru Jagjit Singh Ji eLibrary NamdhariElibrary@gmail.com

## ਪ੍ਰੇਮ ਦੀ ਗਲੀ

ਸਿਰ ਧਰ ਕੇ ਤਲੀ ਤੇ ਆਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।
ਜਿੰਦ ਲੇਖੇ ਤੂੰ ਲੋਕਾਈ ਵਾਲੇ ਲਾਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।

ਏਸ ਗਲੀ ਦੇ ਵਿਚ ਦੁਖੜੇ ਹੀ ਦੁਖੜੇ,
ਏਸ ਗਲੀ ਚੋਂ ਪੈਰ ਉਖੜੇ ਹੀ ਉਖੜੇ,
ਪੈਰ ਪੱਕੇ ਤੂੰ ਮਾਹੌਲ ਤੇ ਜਮਾ ਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।



Sri Satguru Jagjit Singh Ji eLibrary NamdhariElibrary@gmail.com

ਏਸ ਗਲੀ 'ਚ ਮਨ ਹੋਇਆ ਜਦੋਂ ਲੀਨ ਏ,
ਭੁਲ ਗਈ ਦੁਨੀਆਂ ਤੇ ਵਿਸਰਿਆ ਦੀਨ ਏ,
ਤੂੰ ਆਪੇ ਵਿਚ ਅੰਕ ਸਮਾ ਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।

ਪ੍ਰੇਮ ਦੀ ਗਲੀ 'ਚ ਕੌਲ, ਕੰਡੇ ਇਕ ਮਿੱਕ ਨੇ,
ਸਜਣਾਂ ਦੀ ਛੋਹ ਦੀ ਹੰਢਾਉਂਦੇ ਸਭੀ ਸਿੱਕ ਨੇ,
ਭਾਗਾਂ ਵਾਲਿਆ ਤੂੰ ਸਿਕ ਨੂੰ ਹੰਢਾ ਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।

ਪਹਿਲਾਂ ਆਪਾ ਜਿੱਤ—ਫੇਰ ਪੈਰ ਏਥੇ ਪਾਵਣਾ,
ਇਕ ਵਾਰੀ ਆ ਫੇਰ ਮੁੜ ਕੇ ਨਾ ਜਾਵਣਾ,
ਮਾਰ ਹੰਭਲਾ ਹਯਾਤੀ ਉਤੇ ਛਾ ਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।

ਪ੍ਰੇਮ ਦੀ ਗਲੀ 'ਚ ਕੁਰਬਾਨ ਹੋਣ ਡੋਡੀਆਂ,
ਫੁਲਾਂ ਨੂੰ ਤ੍ਰੇਲ ਨਾ ਥਿਆਉਣ ਕਦੇ ਗੋਡੀਆਂ,
ਬਿਨਾਂ ਖਿੜਿਆਂ ਹੀ ਮਹਿਕ ਖਿੰਡਾ ਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।

ਸਿਰ ਧਰ ਕੇ ਤਲੀ ਤੇ ਆਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।
ਜਿੰਦ ਲੇਖੇ ਤੂੰ ਲੋਕਾਈ ਵਾਲੇ ਲਾਜਾ,
ਲੰਘਣਾ ਜੇ ਪ੍ਰੇਮ ਦੀ ਗਲੀ ।



Sri Satguru Jagjit Singh Ji eLibrary NamdhariElibrary@gmail.com

## ਅੱਖੀਆਂ ਤਰਸਦੀਆਂ

ਤੁਸੀਂ ਕਦ ਦੇਣਾ ਦੀਦਾਰ। ਅੱਖੀਆਂ ਤਰਸਦੀਆਂ
ਤਰਸਦੀਆਂ ਨੇ ਯਾਰ। ਅੱਖੀਆਂ ਤਰਸਦੀਆਂ

ਨਾ ਧਰਤੀ ਇਹ ਔਂਸੀਆਂ ਖ਼ਾਤਰ, ਨਾ ਅੰਬਰ 'ਤੇ ਤਾਰੇ
ਮਹਿੰਗੇ ਭਾਅ ਅਜ ਹੌਕੇ ਵੇਚਣ, ਸਾਹਾਂ ਦੇ ਵਣਜਾਰੇ
ਕਰਨ ਨਾ ਮੂਲ ਉਧਾਰ, ਅੱਖੀਆਂ ਤਰਸਦੀਆਂ।

ਕਾਹਨੂੰ ਕਰਦੈ ਪਰਦੇ ਸਜਣਾ, ਸਾਹਵੇਂ ਆਣ ਖਲੋਜਾ
ਜਾਂ ਤੂੰ ਮੈਨੂੰ ਆਪਣਾ ਕਰ ਲੈ, ਜਾਂ ਤੂੰ ਮੇਰਾ ਹੋਜਾ
ਮੈਨੂੰ ਨਾਹੀਂ ਵਿਸਾਰ, ਅੱਖੀਆਂ ਤਰਸਦੀਆਂ।



Sri Satguru Jagjit Singh Ji eLibrary NamdhariElibrary@gmail.com

ਸਾਡਾ ਮਨ ਹੈ ਸਿੱਧਾ ਸਾਦਾ, ਆਣ ਨਾ ਵਿੰਗ ਵਲੇਵੇਂ
ਜਾਂ ਤੂੰ 'ਦਰਸ਼ਨ' ਖੋਹ ਲਏ ਸਾਥੋਂ, ਜਾਂ ਤੂੰ ਦਰਸ਼ਨ ਦੇਵੇਂ
ਦਰਸ਼ਨ ਹੈ ਦਰਕਾਰ, ਅੱਖੀਆਂ ਤਰਸਦੀਆਂ ।

ਵੇਖਣ ਦੀ ਹੀ ਸ਼ੈ ਨਹੀਂ ਅੱਖੀਆਂ, ਸਮਝਣ ਦੇ ਵੀ ਅੰਗ ਨੇ
ਜਾਨਣ, ਪਰਖਣ, ਦਰਸ਼ਨ ਸਾਰੇ ਸੰਸੇ ਦੇ ਪਰਸੰਗ ਨੇ
ਸੰਸਿਆਂ ਦੀ ਭਰਮਾਰ, ਅੱਖੀਆਂ ਤਰਸਦੀਆਂ ।

ਬਣਦੀ ਹੈ ਨਮਗੀਰੀ ਬਣਕੇ, ਅੱਖੀਆਂ ਦੀ ਅਰਜ਼ੋਈ
ਇਕ ਸਿੱਕ ਉਤੋਂ ਸਭ ਕੁਝ ਵਾਰਾਂ, ਆਣ ਵਿਹਾਝੇ ਕੋਈ
'ਕੰਵਲ' ਅਤੇ ਗੁਲਜ਼ਾਰ, ਅੱਖੀਆਂ ਤਰਸਦੀਆਂ ।

ਤੁਸੀਂ ਕਦ ਦੇਣਾ ਦੀਦਾਰ । ਅੱਖੀਆਂ ਤਰਸਦੀਆਂ ।
ਤਰਸਦੀਆਂ ਨੇ ਯਾਰ । ਅੱਖੀਆਂ ਤਰਸਦੀਆਂ ।



Sri Satguru Jagjit Singh Ji eLibrary NamdhariElibrary@gmail.com

## ਕੂਕੇ ਕੂਕ ਰਹੇ !

ਆਪਣੀ ਅਣਖ ਜਗਾਓ । ਕੂਕੇ ਕੂਕ ਰਹੇ ।
ਚੰਗੇ ਕਰਮ ਕਮਾਓ । ਕੂਕੇ ਕੂਕ ਰਹੇ ।

ਬਿਨਾਂ ਅਣਖ ਕੀ ਜੀਵਨ ਦਾ ਹੱਜ,
ਅਣਖ ਜੀਵਨ ਦੀ ਧੁਰ ਹੈ ।
ਅਣਖ ਹੈ ਕਾਅਬਾ, ਅਣਖ ਹੈ ਮੱਕਾ,
ਅਣਖ ਹੀ ਬੇਗਮ ਪੁਰ ਹੈ ।
ਅਣਖ ਦੇ ਸੋਹਲੇ ਗਾਓ ! ਕੂਕੇ ਕੂਕ ਰਹੇ ।
ਰਾਮ ਸਿੰਘ ਸਤਿਗੁਰ ਨੇ ਜੇਵੇਂ,
ਸੁੱਤੀ ਅਣਖ ਜਗਾਈ ।



Sri Satguru Jagjit Singh Ji eLibrary NamdhariElibrary@gmail.com

ਦੀਨ ਦੁਖੀ ਦੀ ਸਾਰੀ ਜ਼ਹਿਮਤ,
ਆਪਣੇ ਸਿਰ ਤੇ ਚਾਈ ।
ਉਹੋ ਸਮਾ ਬਣਾਓ । ਕੂਕੇ ਕੂਕ ਰਹੇ ।

ਤੋਪਾਂ ਅਣਖ ਉਡਾ ਨਾ ਸਕੀਆਂ,
ਬੜੀਆਂ ਤੋਪਾਂ ਚਲੀਆਂ ।
ਜਿੰਨੇ ਗੋਲੇ ਦਾਗੇ ਉੱਨੀਆਂ,
ਅਣਖਾਂ ਦੂਣੀਆਂ ਬਲੀਆਂ ।
ਅਣਖ ਤਾਈਂ ਭੜਕਾਓ । ਕੂਕੇ ਕੂਕ ਰਹੇ ।

ਅਣਖ ਬਿਨਾਂ ਇੰਗਲੈਂਡ 'ਚ ਜੀਣਾ,
ਮੌਤ ਬਰਾਬਰ ਜਾਣੋ ।
ਇਸ ਦਲਦਲ ਵਿਚ ਧਸ ਨਾ ਜਾਇਓ,
"ਆਪਣਾ ਮੂਲ ਪਛਾਣੋ ।"
ਸੱਚ ਦੀ ਸ਼ਮਾ ਜਗਾਓ । ਕੂਕੇ ਕੂਕ ਰਹੇ ।

ਜਿਸਨੇ ਅਣਖ ਦੀ ਰਾਖੀ ਕੀਤੀ,
—ਸਤਿਗੁਰ ਉਸਦਾ ਰਾਖਾ ।
'ਕੰਵਲ' ਜੋ ਅਣਖਾਂ ਦਾ ਮੁਤਲਾਸ਼ੀ,
ਸੱਚ ਉਚਾਰੇ ਭਾਖਾ ।
ਅਣਖੀਂ ਫੁਲ ਚੜ੍ਹਾਓ । ਕੂਕੇ ਕੂਕ ਰਹੇ ।

ਆਪਣੀ ਅਣਖ ਜਗਾਓ । ਕੂਕੇ ਕੂਕ ਰਹੇ ।
ਚੰਗੇ ਕਰਮ ਕਮਾਓ । ਕੂਕੇ ਕੂਕ ਰਹੇ ।



Sri Satguru Jagjit Singh Ji eLibrary NamdhariElibrary@gmail.com

## ਰੂਹ ਦਾ ਨਗਮਾ

ਕਿਹੜਾ ਨਗਮਾ ਗਾਵਾਂ ? ਸਜਣਾ ਦੂਰ ਦਿਆ ।
ਤੈਨੂੰ ਕਿਵੇਂ ਰਿਝਾਵਾਂ ? ਸਜਣਾ ਦੂਰ ਦਿਆ ।

ਜੀਵਨ ਦੀ ਹੈ ਜਾਚ ਬਣਾਈ ਆਪਾਂ ਨਗਮਾ-ਗੋਈ ।
ਹਰ ਨਗਮੇ ਵਿਚ ਤੱਕ ਲੈ ਸਜੱਰੀ ਦਿਲ ਦੀ ਆਦ ਪਰੋਈ ।
ਜਿਹੜਾ ਨਗਮਾ ਤੈਨੂੰ ਭਾਵੇ ਆਣ ਪਰੋਸਾਂ ਸੋਈ ।
ਚੌਂਕਾਂ ਦੇਹੀ ਬਣਾਵਾਂ.. ਸਜਣਾਂ ਦੂਰ ਦਿਆ...

ਅੰਦਰ ਬਾਹਰ ਜਲ ਥਲ ਹੋਇਆ ਹਰ ਥਾਂ ਨਗਮੇ ਨਗਮੇ ।
ਕਣ ਕਣ ਅੰਦਰ ਹਨ ਝਰਨਾਟਾਂ ਸੁਰ ਗੂੰਜੇ ਹਨ ਸਗਮੇ ।



Sri Satguru Jagjit Singh Ji eLibrary NamdhariElibrary@gmail.com

ਹਰ ਨਗਮੇ ਨੇ ਭੇਸ ਹੰਢਾਏ ਪੀਲੇ, ਚਿੱਟੇ, ਭਗਮੇ ।
ਕਿਸ ਭੇਸ ਹੁਣ ਆਵਾਂ...ਸਜਣਾ ਦੂਰ ਦਿਆ...

ਨਗਮੇ ਰਚਦਾ ਨਗਮਾ ਬਣਿਆ, ਸੁਰ ਸਾਗਰ ਅਭਿਲਾਸ਼ੀ ।
ਨਗਮੇ ਦੀ ਭਾਸ਼ਾ ਦੀ ਮੈਂ ਪ੍ਰੀਭਾਸ਼ਾ ਦਾ ਮੁਤਲਾਸ਼ੀ ।
ਮੱਕੇ, ਕਾਅਬੇ ਘੁੰਮਿਆ, ਗਾਹੀ ਗਯਾ, ਹੰਢਾਈ ਕਾਸ਼ੀ ।
ਹੁਣ ਕਿਹੜੇ ਦਰ ਜਾਵਾਂ...ਸਜਣਾ ਦੂਰ ਦਿਆ...

ਸੰਝ ਸਵੇਰੇ, ਸਿਖਰ ਦੁਪਹਿਰੇ, ਨਾਲੇ ਅੱਧੀ ਰਾਤੀ ।
ਮਾਘ ਮਹੀਨੇ, ਫੱਗਣ ਚੇਤਰ, ਜੇਠ, ਹਾੜ੍ਹ, ਬਰਸਾਤੀ ।
ਹਰ ਮੌਸਮ ਦੀ ਰੂਹ ਵਿਚ ਨਗਮਾ ਰਚਿਆ ਹੈ "ਪਰਭਾਤੀ" ।
ਕਿਥੋਂ ਕੰਠ ਹਿਲਾਵਾਂ ? ਸਜਣਾ ਦੂਰ ਦਿਆ...

ਇਕ ਨਗਮੇ ਦੀ ਝੁਣ ਝੁਣ ਅੰਦਰ, ਖਿੜਦੇ ਕੰਵਲ ਹਜ਼ਾਰਾਂ ।
ਹਿਰਦੇ ਵਿਚ ਹਰਾਵਲ ਦਸਤੇ, ਬੰਨ੍ਹੀ ਖੜੇ ਕਤਾਰਾਂ ।
ਨਗ਼ਮੇ ਦੀ ਨਮਗੀਰੀ ਅੰਦਰ, ਭੁਲੀਆਂ ਸੁਧ-ਬੁਧ-ਸਾਰਾਂ ।
ਕੇਸ ਦੁਆਰੇ ਧਾਵਾਂ ? ਸਜਣਾ ਦੂਰ ਦਿਆ...

ਕਿਹੜਾ ਨਗਮਾ ਗਾਵਾਂ ? ਸਜਣਾ ਦੂਰ ਦਿਆ ।
ਤੈਨੂੰ ਕਿਵੇਂ ਰਿਝਾਵਾਂ ? ਸਜਣਾ ਦੂਰ ਦਿਆ ।



Sri Satguru Jagjit Singh Ji eLibrary NamdhariElibrary@gmail.com

## ਹੋਂਦ ਦਾ ਗੀਤ

ਅਸੀਂ ਜੱਗ ਉਤੇ ਵਸਣਾ ਬਹਾਰ ਬਣਕੇ ।
ਸੂਹੇ ਫੁੱਲਾਂ ਵਾਂਗ ਬਾਗ ਦਾ ਸ਼ਿੰਗਾਰ ਬਣਕੇ ।

ਸਾਡੇ ਹੋਠ ਸੀਤੇ ਸੀਤੇ,
ਤੁਰ ਜਾਣਾ ਚੁਪ ਕੀਤੇ ।
ਜਿਵੇਂ ਸਮੇਂ ਗਏ—ਬੀਤੇ ਦੀ ਨੁਹਾਰ ਬਣਕੇ ।

ਅਸਾਂ ਚੁਪ ਨਹੀਂ ਰਹਿਣਾ,
ਭੇਤ ਹਿਰਦੇ ਦਾ ਕਹਿਣਾ ।
ਅਤੇ ਹੋਂਦ ਉਤੇ ਫੈਲ ਜਾਣਾ ਪਿਆਰ ਬਣਕੇ ।



Sri Satguru Jagjit Singh Ji eLibrary NamdhariElibrary@gmail.com

ਸਾਡੀ ਜਾਗੀ ਹਕ-ਗੋਈ,
ਇਹਨੂੰ ਸਮਝੂਗਾ ਕੋਈ।
ਕਦੀ ਸੈਣਤਾਂ ਤੇ ਕਦੀ ਵੰਗਾਰ ਬਣਕੇ।

ਸਾਡੇ ਦਿਲਾਂ ਦਾ ਪੈਗ਼ਾਮ,
ਸੁਣ ਲੈਣਾ ਸ਼ਰ੍ਹੇ-ਆਮ।
ਰੋਮ ਰੋਮ ਗਰਮਾਊਗਾ ਵਿਚਾਰ ਬਣਕੇ।

ਮਰਜੀਵੜੇ ਅਲਬੇਲੇ,
ਅਸੀਂ ਮੌਤ ਨਾਲ ਖੇਲੇ।
ਅਸੀਂ ਧਰਤੀ ਤੇ ਜੀਂਦੇ ਨਹੀਓਂ ਭਾਰ ਬਣਕੇ।

ਸਾਡੀ ਅੱਖੀਆਂ ਦਾ ਤੇਜ,
ਅਤੇ ਰੂਹ ਦਾ ਨੰਗੇਜ।
ਆਇਆ ਭੁਲੇ ਹੋਏ ਜੀਵਾਂ ਦਾ ਆਧਾਰ ਬਣਕੇ।

ਅਸੀਂ ਚਿੱਕੜਾਂ 'ਚ ਉੱਗੇ,
ਸੁੱਚੇ 'ਕੰਵਲ' ਹਾਂ ਪੁੱਗੇ।
ਦੁਖੀ ਦੁਨੀਆਂ ਦੇ ਦਿਲੋਂ ਸੇਵਾਦਾਰ ਬਣਕੇ।

ਅਸੀਂ ਜੱਗ ਉਤੇ ਵਸਣਾ ਬਹਾਰ ਬਣਕੇ।
ਸੂਹੇ ਫੁੱਲਾਂ ਵਾਂਗ ਬਾਗ ਦਾ ਸ਼ਿੰਗਾਰ ਬਣਕੇ।



Sri Satguru Jagjit Singh Ji eLibrary NamdhariElibrary@gmail.com

# ਰੰਗੇ ਤ.ਗਜ਼ਲ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਗਜ਼ਲ

ਕੰਵਲ ਡੰਨ ਆਪਣੀ ਮਹਿਕ ਦਾ ਨਾ ਭਰ ਸਕਦਾ ।
ਬਾਕੀ ਸਭ ਕੁਝ ਤੇਰੇ ਜਹਾਨ ਤੇ ਓਹ ਕਰ ਸਕਦਾ ।

ਕਿਸ ਕਲੀ ਦਾ ਜਨਾਜ਼ਾ ਉਠਾਈ ਜਾਂਦੇ ਹੋ,
ਕੰਵਲ ਦੀ ਪੱਤੀ ਤੇ ਪੱਥਰ ਨਹੀਂ ਹੈ ਤਰ ਸਕਦਾ ।

ਇਹ ਨਕਲੀ ਸੁਰਗ ਵਿਚ ਤੇ ਜੀਣ ਲਈ ਤਿਆਰ ਨਹੀਂ,
ਤੇ ਅਸਲੀ ਨਰਕ ਲਈ ਮੌਤ ਬਿਨ ਹੈ ਮਰ ਸਕਦਾ ।

ਤੈਨੂੰ ਕਿਸਨੇ ਕਿਹਾ ਆ, ਵੰਡਾ ਆ ਕੇ ਦੁਖ ਮੇਰੇ,
ਇਹ ਦੁਖ ਤਾਂ ਕੰਵਲ ਨੇ,ਇਨ੍ਹਾਂ ਨੂੰ ਹਰ ਕੋ ਜਰ ਸਕਦਾ ।



Sri Satguru Jagjit Singh Ji eLibrary NamdhariElibrary@gmail.com

ਮੈਂ ਤੇਰੇ ਗ਼ਮ ਵਿਚ ਭਾਵੇਂ ਸ਼ਰੀਕ ਨਾ ਹੋਵਾਂ,
ਤੇਰੀ ਖਾਤਰ ਮੈਂ ਸਰਦ ਆਹ ਤਾਂ ਹਾਂ ਭਰ ਸਕਦਾ ।

ਅਕਲਦਾਨੋ ! ਤੁਸੀਂ ਸਭ ਨੂੰ ਚਾਰਦੇ ਆਏ,
ਮੇਰਾ ਦਿਮਾਗ ਤੁਹਾਡੀ ਤੂੜੀ ਨਹੀਓਂ ਚਰ ਸਕਦਾ ।

ਕਦੀ ਮਾਨੁਖ ਆਪੂੰ ਹੀ ਤੇ ਬਣ ਜਾਂਦਾ ਹੈ ਦੈਂਤ,
ਤੇ ਕਦੇ ਦੈਂਤ ਵੀ ਮਾਨੁਖ ਤੋਂ ਹੈ ਡਰ ਸਕਦਾ ।

ਇਹ ਰੂਹ ਦੇ ਮਾਮਲੇ ਛੇੜੋ ਨਾ ਮੈਂ ਵਿਆਕੁਲ ਹਾਂ,
ਕਿ ਮੇਰੀ ਵੇਦਨਾ ਸਾਰਾ ਤਰਕ ਨਾ ਹਰ ਸਕਦਾ ।

ਅਜੀਬ ਦਸ਼ਾ ਹੈ ਮੇਰੇ ਨਾਕਾਮ ਜੀਵਨ ਦੀ,
ਕਿ ਦੋਸ਼ ਕਰਮਾਂ, ਨਸੀਬਾਂ ਤੇ ਵੀ ਨਾ ਧਰ ਸਕਦਾ ।

ਆਪਣੇ ਦੁਸ਼ਮਨ ਦੀ ਵੀ ਸੇਵਾ ਕਰਨੀ ਹੈ,
ਇਹ ਵਿਚਾਰ ਕੇਵਲ 'ਕੰਵਲ' ਤੋਂ ਹੀ ਹੈ ਸਰ ਸਕਦਾ ।

ਕੰਵਲ ਡੰਨ ਆਪਣੀ ਮਹਿਕ ਦਾ ਨਾ ਭਰ ਸਕਦਾ ।
ਬਾਕੀ ਸਭ ਕੁਝ ਤੇਰੇ ਜਹਾਨ ਤੇ ਓਹ ਕਰ ਸਕਦਾ ।



Sri Satguru Jagjit Singh Ji eLibrary NamdhariElibrary@gmail.com

## ਪਤਝੜ

ਨਵੰਬਰ ਵਿਚ ਤੇ ਮੰਨੀਏ ਪਰ ਮਹੀਨਾ ਮਈ ਹੈ, ਪੱਤਝੜ ।
ਬਿਨਾ ਸੱਦੇ ਮੇਰੇ ਵੀਰਾਨੇ ਵਿਚ ਆ ਗਈ ਹੈ, ਪੱਤਝੜ ।
ਪਤਝੜ ਰਹੇ, ਫੁਲ ਖਿੜ ਰਹੇ, ਸ਼ੀਸ਼ੇ ਤਿੜਕਦੇ ਨੇ ।
ਸਮਝ ਨਹੀਂ ਆ ਰਿਹਾ ਮਿਸਰਤ ਇਹ ਕੇਹੋ ਜਹੀ ਹੈ, ਪਤਝੜ ।
ਨਮੀ ਵੀ ਹੈ ਤੇ ਖੁਸ਼ਕੀ ਵੀ ਗਿਲਾ ਵੀ ਹੈ ਤੇ ਗੁੱਸਾ ਵੀ ।
ਵਿਰੋਧੀ ਰੰਗ ਦੇਖੋ ਨਾ ਦਿਖਾਂਦੀ ਕਈ ਹੈ, ਪਤਝੜ ।
ਤੂੰ ਇਸ ਵਿਚੋਂ ਬਚੇ ਗੁੰਚੇ ਤੇ ਕਲੀਆਂ ਰੋਲ ਲੈ ਆ ਕੇ ।
ਇਹ ਕੰਡੇ, ਸੁੱਕੇ, ਪੱਤੇ ਬੱਸ, ਮੇਰੇ ਲਈ ਹੈ, ਪਤਝੜ ।
'ਕੰਵਲ'ਵਿਚ ਬਾਸ ਨਾ,ਤੇ ਰੰਗ ਨਾ, ਤੇ ਭੇਜਾ ਵੀ ਨਹੀਓਂ ਹੈ।
ਕਿ ਸਾਰੀ ਹੋਂਦ ਤੇ ਰੰਗ ਫੇਰ ਗਈ ਸੁਰਮਈ ਹੈ, ਪਤਝੜ ।
ਨਵੰਬਰ ਵਿਚ ਤੇ ਮੰਨੀਏ ਪਰ ਮਹੀਨਾ ਮਈ ਹੈ, ਪਤਝੜ ।
ਬਿਨਾ ਸੱਦੇ ਮੇਰੇ ਵੀਰਾਨੇ ਵਿਚ ਆ ਗਈ ਹੈ, ਪਤਝੜ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਕਾਹਨੂੰ ਚਲਾਈ, ਦੋਸਤਾ ! ਤੂੰ ਦਿਲ—ਲਗੀ ਦੀ ਗੱਲ ।
ਇਸ ਤੋਂ ਜ਼ਰੂਰੀ ਹੋਰ ਵੀ ਹੈ ਜ਼ਿੰਦਗੀ ਦੀ ਗੱਲ ।

ਮੇਰੀ ਰੰਗੀਨ ਸ਼ਾਮ ਨੂੰ ਹੁਣ ਕਰ ਨਾ ਤੂੰ ਉਦਾਸ,
ਮੈਖ਼ਾਨੇ ਵਿਚ ਤੋਰ ਕੇ ਅਜ ਬੰਦਗੀ ਦੀ ਗੱਲ ।

ਯਾਰਾਂ ਤੋਂ ਬਿਨਾਂ ਹੋਰ ਦਸ ਕਿਥੇ ਕਰੇ ਕੋਈ ?
ਖੁਸ਼ੀ ਗ਼ਮੀ ਦੀ ਗੱਲ ਅਤੇ ਹਬ੍ਹੀ ਨਬ੍ਹੀ ਦੀ ਗੱਲ ।

ਪਸ਼ੂਆਂ ਦੇ ਚਲਨ ਦੀ ਕਰੇ ਸੰਸਾਰ ਸਦਾ ਗੱਲ,
ਕਿਹੜੀ ਸਦੀ 'ਚ ਹੋਵਣੀ ਹੈ ਆਦਮੀ ਦੀ ਗੱਲ ?

ਤੱਤੀ ਹਵਾ ਨੇ ਭੁੰਨਿਆ ਹੈ ਜਿਗਰ 'ਕੰਵਲ' ਦਾ,
ਸੁਣਨੀ ਪਵੇਗੀ ਬਾਗ ਨੂੰ ਹਰ ਪੰਖੜੀ ਦੀ ਗੱਲ !

ਕਾਹਨੂੰ ਚਲਾਈ, ਦੋਸਤਾ ! ਤੂੰ ਦਿਲ—ਲਗੀ ਦੀ ਗੱਲ ।
ਇਸ ਤੋਂ ਜ਼ਰੂਰੀ ਹੋਰ ਵੀ ਹੈ ਜ਼ਿੰਦਗੀ ਦੀ ਗਲ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਜਿਹੜੀ ਰੁੱਤ ਵਿਚ ਫਿਰ ਯਾਰੋ ਬਹਾਰ ਆਈ ਹੈ।
ਕਿ ਜਿਸਦੀ ਹੋਂਦ ਨੇ ਪਤਝੜ ਵੀ ਮਾਤ ਪਾਈ ਹੈ।
ਇਹ ਖਾਮੋਸ਼ੀ ਤੇ ਸਾਂ ਸਾਂ, ਤੂਫ਼ਾਨ ਤੋਂ ਪਹਿਲੀ,
ਦੁਖੀ ਦੁਨੀਆਂ ਦੀ ਫੁਗਾਂ, ਦੀਨਾਂ ਦੀ ਦੁਹਾਈ ਹੈ।
ਕਿ ਜਲਦੇ ਜਿਗਰ ਦੀ ਦੁਰਗੰਧ ਵੀ ਤੇ ਹੈ ਸ਼ਾਮਿਲ,
ਸ਼ਮ੍ਹਾ ਦੀ ਤੇਰੀ ਬਜ਼ਮ ਵਿਚ ਜੋ ਰੌਸ਼ਨਾਈ ਹੈ।
ਤੁਹਾਡੇ ਪੈਰ ਜੋ ਕਲੀਆਂ ਸਹਾਰ ਸਕਦੇ ਨਹੀਂ,
ਉਨ੍ਹਾਂ ਨੂੰ ਹੂੰਝ ਕੇ ਆਪਣੀ ਨਜ਼ਰ ਵਿਛਾਈ ਹੈ।



Sri Satguru Jagjit Singh Ji eLibrary NamdhariElibrary@gmail.com

ਸਦਾ ਬਹਾਰ ਨੈਰੋਬੀ ਦੀ ਹਮਸਫ਼ਰ ਮੇਰੀ,
ਕਦੀ ਵੀ ਭੁਲਦੀ ਨਾ ਲਖਵਾਰ ਮੈਂ ਭੁਲਾਈ ਹੈ !
ਮੇਰੇ ਸ਼ੇਅਰਾਂ 'ਚ ਜੋ ਮਘ ਰਹੀ ਹਕੀਕਤ ਹੈ,
ਸਾਫ਼ ਜ਼ਾਹਿਰ ਹੈ ਉਮਰ ਭਰ ਮੈਂ ਅੱਗ ਖਾਈ ਹੈ ।
ਤੂੰ ਮੰਨ ਨਾ ਮੰਨ ਇਹ ਸੱਚ ਹੈ ਕਿ ਯਾਦ ਤੇਰੀ ਦਾ,
"ਕੰਵਲ" ਦੀ ਕਲਮ ਨਾਲੇ ਇਹ ਕਲਪਨਾ ਜਗਾਈ ਹੈ ।
ਕਿਹੜੀ ਰੁੱਤ ਵਿਚ ਇਹ ਯਾਰੋ ਬਹਾਰ ਆਈ ਹੈ,
ਕਿ ਜਿਸਦੀ ਹੋਂਦ ਨੇ ਪਤਝੜ ਵੀ ਮਾਤ ਪਾਈ ਹੈ !



Sri Satguru Jagjit Singh Ji eLibrary NamdhariElibrary@gmail.com

# ਕੇਨੀਆ

ਦਿਲਕਸ਼ ਸੀ ਕਹਿਕਸ਼ਾਂ ਤੇ ਗੁਲਜ਼ਾਰ ਕੇਨੀਆ ਦੀ।
ਹਰ ਦਮ ਹੈ ਯਾਦ ਆਂਦੀ ਸਰਕਾਰ ਕੇਨੀਆ ਦੀ।
ਪੱਛਮ ਦੇ ਰੰਗ ਫਿੱਕੇ, ਪੂਰਬ ਦੇ ਰੰਗ ਪੱਕੇ,
ਰੰਗਾਂ ਨੂੰ ਮਾਤ ਪਾਵੇ, ਮਹਿਕਾਰ ਕੇਨੀਆ ਦੀ।
ਹੱਡੀਂ ਰਚੀ ਹੈ ਹਾਕੀ, ਸੀਨੇ 'ਚ ਵਿਚ ਸਫ਼ਾਰੀ,
ਰਾਕਟ ਨੂੰ ਮਾਤ ਪਾਵੇ ਰਫ਼ਤਾਰ ਕੇਨੀਆ ਦੀ।
ਨਾ ਜੂਨ ਵਿਚ ਗਰਮੀ, ਨਾ ਜਨਵਰੀ ਵਿਚ ਸਰਦੀ,
ਰੁੱਤਾਂ ਦੀ ਰੁੱਤ ਰਹਿੰਦੀ ਇਕਸਾਰ ਕੇਨੀਆ ਦੀ।



Sri Satguru Jagjit Singh Ji eLibrary NamdhariElibrary@gmail.com

ਸੁਣ ਕੇ ਕਲੇਜਾ ਮੂੰਹ ਨੂੰ ਆਂਦਾ ਹੈ ਐ "ਰਫੀਕੀ",
ਨਾ ਛੇੜ ਤੂੰ ਕਹਾਣੀ ਹੁਣ ਯਾਰ ਕੇਨੀਆ ਦੀ।

ਜੰਗਲ ਦੀ ਸਭਿੱਤਾ ਨੇ, ਹਬਸ਼ੀ ਦਾ ਮਨ ਹੈ ਮੋਹਿਆ,
ਕਤਲਾਂ ਦੀ ਸੁਣ ਰਹੇ ਹਾਂ ਭਰਮਾਰ ਕੇਨੀਆ ਦੀ!

ਚਿੱਕੜ ਵਿਹੂਣਾ ਪੱਛਮ, ਖਿੜਨਾ 'ਕੰਵਲ' ਕੀ ਇਥੇ?
ਚਕਲੀ ਲਿਆਵੇ ਕੱਢ ਕੇ ਇਕ ਵਾਰ ਕੇਨੀਆ ਦੀ।

ਦਿਲਕਸ਼ ਸੀ ਕਹਿਕਸ਼ਾਂ ਤੇ ਗੁਲਜ਼ਾਰ ਕੇਨੀਆ ਦੀ।
ਹਰਦਮ ਹੈ ਯਾਦ ਆਂਦੀ ਸਰਕਾਰ ਕੇਨੀਆ ਦੀ।



Sri Satguru Jagjit Singh Ji eLibrary NamdhariElibrary@gmail.com

## ਨੈਰੋਬੀ

ਦੁਸਹਿਰਾ ਨੈਰੋਬੀ ਦਾ, ਦੀਵਾਲੀ ਨੈਰੋਬੀ ਦੀ।
ਹਰ ਰੁੱਤ ਮੇਰੇ ਯਾਰਾ ਹੈ, ਰੰਗ ਵਾਲੀ ਨੈਰੋਬੀ ਦੀ।

ਖੋਤੇ ਦੀ ਜੂਨ ਪਊ, ਜੋ ਜੂਆ ਨਾ ਖੇਡੂਗਾ,
ਇਸ ਰਾਤ ਮੁਬਾਰਕ ਤੇ ਰਖਵਾਲੀ ਨੈਰੋਬੀ ਦੀ।

ਕਿਸੇ ਰਾਮ ਦਾ ਪਾਰਟ ਲੈ, ਕੋਈ ਰਾਵਨ ਸਾਂਗ ਬਣੇ,
ਕੋਈ ਸੀਤਾ ਬਣਦੀ ਹੈ, ਘਰਵਾਲੀ ਨੈਰੋਬੀ ਦੀ।

ਉਹ ਤੋਹਫ਼ੇ ਸਜਣਾਂ ਦੇ, ਕੀ ਖੋਜੇ ਕੀ ਸਿੱਖ ਉਥੇ,
ਸੱਤਰ ਦੀ ਦੀਵਾਲੀ ਸੀ, "ਪੰਤਾਲੀ" ਨੈਰੋਬੀ ਦੀ।



Sri Satguru Jagjit Singh Ji eLibrary NamdhariElibrary@gmail.com

ੱਧਮ ਜਿਹਾ ਪਾਲਾ ਹੈ, ਕੋਸੀ ਜਹੀ ਲੋ ਅੰਦਰ,
ਅਸਾਂ ਮੂਰਤ ਮਨ ਅਦਰ, ਸੰਭਾਲੀ ਨੈਰੋਬੀ ਦੀ ।
ਓਥੇ ਮੋਹ ਦਾ ਘਾਟਾ ਨਹੀਂ,ਮਾਇਆ ਦਾ ਵੀ ਤੋੜਾ ਨਹੀਂ,
ਜੰਗਲ ਦੀ ਸਭਿੱਤਾ ਰੂਹ ਹੰਘਾਲੀ ਨੈਰੋਬੀ ਦੀ ।
ਇਸ ਮੁਰਦਾ ਧਰਤੀ ਤੇ ਕੀ, ਮਹਿਕ 'ਕੰਵਲ' ਦੇਵੇ,
ਹਰ ਰੂਪ ਵਿਚ ਧਸ ਜਾਵੇ, ਧਰਤਾਲੀ ਨੈਰੋਬੀ ਦੀ ।
ਦੁਸਹਿਰਾ ਨੈਰੋਬੀ ਦਾ, ਦੀਵਾਲੀ ਨੈਰੋਬੀ ਦੀ ।
ਹਰ ਰੁੱਤ ਮੇਰੇ ਯਾਰਾ ਹੈ, ਰੰਗ ਵਾਲੀ ਨੈਰੋਬੀ ਦੀ ।



Sri Satguru Jagjit Singh Ji eLibrary NamdhariElibrary@gmail.com

## ਗਜ਼ਲ

ਆਪਣੇ ਹੀ ਉਹਲੇ ਅੰਦਰ ਇਨਸਾਨ ਬੰਦ ਹੈ।
ਕਲਬੂਤ ਵਿਚ ਏਸਦੀ ਰੂਹ ਜਾਨ ਬੰਦ ਹੈ।

ਮਾਨਵ ਦਾ ਜੋ ਕਿ ਪੂਰਨ ਕਲਿਆਨ ਕਰ ਸਕੇ,
ਕਿਹੜੇ ਗ੍ਰੰਥ ਭੀਤਰ ਓਹ ਗਿਆਨ ਬੰਦ ਹੈ ?

ਤਿਰੇ ਦੂਰ-ਦਰਸ਼ਨਾਂ ਵਿਚ ਦਰਸ਼ਨ ਨਾ ਲੱਭਿਆ,
ਡੱਬੇ 'ਚ ਬਰਕ ਮੂਰਤੀ ਤੇ ਤਾਨ ਬੰਦ ਹੈ।

ਸੱਤੇ ਸਮੁੰਦਰਾਂ ਨੂੰ ਤੂੰ ਬੋਝੇ 'ਚ ਪਾ ਲਿਆ;
ਵਿਚੇ ਪੁਲਾੜ ਉਪਗ੍ਰਹਿ, ਅਸਮਾਨ ਬੰਦ ਹੈ।



Sri Satguru Jagjit Singh Ji eLibrary NamdhariElibrary@gmail.com

ਪੱਛਮ ਹੈ ਨਾਜ਼ੀਆਂ ਦੀ ਵੱਡੀ ਤਜਰਬਾ-ਗਾਹ,
ਹਰ ਬਸ਼ਰ ਪਾਸ਼ ਨਾਸ਼ ਦਾ ਸਾਮਾਨ ਬਦ ਹੈ ।
ਪੂਰਬ ਤੋਂ ਮੰਗਦੇ ਨੇ ਭਿਖਿਆ ਜੋ ਨੂਰ ਦੀ,
ਜਿਥੇ ਗੁਫ਼ਾ 'ਚ ਚੰਦਰਮਾ ਤੇ ਭਾਨ ਬੰਦ ਹੈ ।
ਤਾਹੀਓਂ ਤੇ ਏਸ ਧਰਤ ਤੇ ਖਿੜਿਆ ਨਹੀ 'ਕੰਵਲ',
ਮੁਦਤ ਤੋਂ ਏਥੇ ਦਿਲਾਂ ਦਾ ਉਦਿਆਨ ਬੰਦ ਹੈ ।
ਆਪਣੇ ਹੀ ਉਹਲੇ ਅੰਦਰ ਇਨਸਾਨ ਬੰਦ ਹੈ ।
ਕਲਬੂਤ ਵਿਚ ਏਸਦੀ, ਰੂਹ ਜਾਨ ਬੰਦ ਹੈ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਨਾ ਬੰਨ੍ਹ ਮੋਏ ਮਨ ਨੂੰ ਇਸ ਦੀ ਵਾਗ ਖੋਲ੍ਹ ਦੇ ।
ਜਾ ਬੁਝੇ, ਹੋਏ ਦਿਲਾਂ ਦੇ ਭਿਆਗ ਖੋਲ੍ਹ ਦੇ ।

ਇਹ ਲੈ ਤੇ ਤਾਲ ਬੰਦੀ ਵਿਚ ਰਹਿੰਦੇ ਨਹੀਂ ਕਦੇ,
ਡੱਬੇ 'ਚ ਕੈਦ ਹੋ ਰਿਹਾ ਤੂੰ ਰਾਗ ਖੋਲ੍ਹ ਦੇ।

ਜੋ ਡੀਕ ਲਾ ਕੇ ਪੀ ਲਏ ਸਭ ਨਫ਼ਰਤਾਂ ਦੀ ਜ਼ਹਿਰ,
ਪੱਛਮ 'ਚ ਸੁਚੀ ਪ੍ਰੀਤ ਵਾਲਾ ਨਾਗ ਖੋਲ੍ਹ ਦੇ ।

ਜਿਥੇ ਕਲੀ ਦੀ ਲੱਜਿਆ ਤੇ ਬੀਨ ਭੌਰ ਦੀ,
ਹੈ ਕੈਦ, ਚਿਰਾਂ ਤੋਂ ਉਹ ਜਾ ਕੇ ਬਾਗ ਖੋਲ੍ਹ ਦੇ ।



Sri Satguru Jagjit Singh Ji eLibrary NamdhariElibrary@gmail.com

ਹਡਾਂ 'ਚ ਰਚ ਗਿਆ ਹੈ ਲੋਹੇ ਜਿਹਾ ਖ਼ਮੀਰ,
ਮਾਨਵ ਦੇ ਮਨ ਦਾ ਮੋਹ ਤੇ ਵੈਰਾਗ ਖੋਲ੍ਹਦੇ ।

ਬੇਮੁਖ ਹੋਈ ਹੈ ਪੌਣ ਤੇ ਕੁਦਰਤ ਹੈ ਸੌਂ ਗਈ,
ਤੂੰ ਨਾਦ ਚੁੱਕ ਤੇ ਤੁਰਤ ਇਸਦੀ ਜਾਗ ਖੋਲ੍ਹ ਦੇ ।

ਸਾਰੇ ਸ਼ਗੂਫ਼ੇ ਟਹਿਕਦੇ ਬਣ ਜਾਣ ਫਿਰ 'ਕੰਵਲ',
ਮਾਲੀ ਦੇ ਉਠ ਹਿੰਮਤੇ, ਤੂੰ ਭਾਗ ਖੋਲ੍ਹ ਦੇ ।

ਨਾ ਬੰਨ੍ਹ ਮੋਏ ਮਨ ਨੂੰ, ਇਸਦੀ ਵਾਗ ਖੋਲ੍ਹ ਦੇ ।
ਜਾ ਬੁਝੇ ਹੋਏ ਦਿਲਾਂ ਦੇ ਭਿਆਗ ਖੋਲ੍ਹ ਦੇ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਦੋਸਤਾਂ ਵਿਚ ਦੁਸ਼ਮਨੀ ਦਾ ਫਾਸਲਾ ਵਧਦਾ ਰਿਹਾ।
ਜਿਗਰ ਅੰਦਰ ਯਾਦ ਵਾਲਾ ਗ਼ਮ ਸਦਾ ਵਧਦਾ ਰਿਹਾ।

ਜਿੰਨੀ ਵੀ ਇਸ ਆਦਮੀ ਨੇ, ਉੱਨਤੀ ਕੀਤੀ ਹਜ਼ੂਰ,
ਓਨਾ ਹੀ ਇਨਸਾਨੀਅਤ ਅੰਦਰ ਦਗਾ ਵਧਦਾ ਰਿਹਾ।

ਦੈਂਤ ਉਸਨੂੰ ਦਾੜ੍ਹਨੇ ਲਈ, ਦੰਦ ਤਿਖੇ ਕਰ ਰਿਹਾ,
ਮੌਤ ਵਲ ਨੂੰ ਪਰ ਨਿਰੰਤਰ ਦੇਵਤਾ ਵਧਦਾ ਰਿਹਾ।

ਜ਼ੁਲਮ ਦੀ ਤਾਸੀਰ ਵੀ ਯਾਰੋ ਬੜੀ ਗੰਭੀਰ ਹੈ,
ਜਿੰਨਾ ਝੱਲਿਆ ਖ਼ਲਕ ਨੇ ਉਨਾ ਮਜ਼ਾ ਵਧਦਾ ਰਿਹਾ।



Sri Satguru Jagjit Singh Ji eLibrary NamdhariElibrary@gmail.com

ਦੰਭ ਤੇਰਾ ਦੋਖੀਆ, ਇਕ ਖਾਸ ਨਿਸ਼ਚਿਤ ਸਮੇਂ ਤਕ,
ਰੋਗ ਵਾਂਗੂ ਹਰ ਜਗਾ ਹੈ ਫੈਲਿਆ, ਵਧਦਾ ਰਿਹਾ ।

ਜੀਣ ਦੀ ਇਕ ਸਾਰ ਗੱਡੀ ਤੋਂ ਹੈ ਮਨ ਉਕਤਾ ਗਿਆ,
ਮੌਤ ਦਾ ਮਨ ਮੁਗਧ ਅੰਦਰ ਭਰਮ ਆ ਵਧਦਾ ਰਿਹਾ ।

ਛਿਣ ਲਈ ਇਕ ਰੌ'ਚ ਖਿੜਿਆ ਸੀ 'ਕੰਵਲ' ਕੁਝ ਇਸਤਰ੍ਹਾਂ,
ਬੁਝਣ ਤੋਂ ਪਹਿਲਾਂ ਜਿਵੇਂ ਦੀਵੇ ਦਾ ਤਾ ਵਧਦਾ ਰਿਹਾ ।

ਦੋਸਤਾਂ ਵਿਚ ਦੁਸ਼ਮਨੀ ਦਾ ਫਾਸਲਾ ਵਧਦਾ ਰਿਹਾ ।
ਜਿਗਰ ਅੰਦਰ ਯਾਦ ਵਾਲਾ ਗ਼ਮ ਸਦਾ ਵਧਦਾ ਰਿਹਾ ।



Sri Satguru Jagjit Singh Ji eLibrary NamdhariElibrary@gmail.com

## ਦਿਲ

ਵੇਖ ਲਿਆ ਮੈਂ ਤੇਰਾ ਦਿਲ ।
ਉਹ ਵੀ ਜਾਪੇ ਮੇਰਾ ਦਿਲ ।
ਵਰ੍ਹੇ ਛਮਾਹੀ ਪਿਛੋਂ ਤੇ,
ਪਾ ਜਾਂਦਾ ਹੈ ਫੇਰਾ ਦਿਲ ।
ਅੰਨ੍ਹੇ ਵਾਹ ਵਧਾਈ ਜਾਂਦਾ,
ਆਪਣੇ ਦੁਖ ਦਾ ਘੇਰਾ ਦਿਲ ।
ਹਰ ਖਤਰੇ ਨੂੰ ਲੁਟਦਾ ਹੈ,
ਤਕਿਆ ਮਹਾਂ ਲੁਟੇਰਾ ਦਿਲ ।
ਤੇਰੇ ਕਾਬੂ ਕੀ ਆਵੇ,
ਧੁਰ ਤੋਂ ਅਲਕ ਵਛੇਰਾ ਦਿਲ ।



Sri Satguru Jagjit Singh Ji eLibrary NamdhariElibrary@gmail.com

ਚਾਨਣ ਦੀ ਹੈ ਗਲ ਕਰਦਾ,
ਚਾਹੁੰਦਾ ਘੁੱਪ ਹਨ੍ਹੇਰਾ ਦਿਲ ।
ਦਿਲ ਕਾਹਦਾ ਦਰਵਾਜ਼ਾ ਹੈ ?
ਦੇਹ ਦਾ ਅਸਲ ਬਨੇਰਾ ਦਿਲ ।
ਪੁਠੇ ਰਾਹੋਂ ਮੁੜਿਆ ਨਾ,
ਡਕਿਆ ਅਸਾਂ ਬਥੇਰਾ ਦਿਲ ।
ਅਸਲ ਠਿਕਾਣੇ ਲਗ ਜਾਂਦਾ,
''ਕੰਵਲ'' ਜੇ ਕਰਦਾ ਜੇਰਾ ਦਿਲ ।
ਵੇਖ ਲਿਆ ਮੈਂ ਤੇਰਾ ਦਿਲ ।
ਉਹ ਵੀ ਜਾਪੇ ਮੇਰਾ ਦਿਲ ।



Sri Satguru Jagjit Singh Ji eLibrary NamdhariElibrary@gmail.com

## ਵਿਅੰਗੀ ਗ਼ਜ਼ਲ

ਸਮੇਂ ਦੇ ਨਾਲ ਜੇ ਮਿਤਰਾ ਨਾ ਤੈਥੋਂ ਚੱਲ ਹੋਵੇ ।
ਤੂੰ ਦਸ ਖਾਂ ਕਿਵੇਂ ਸਮੱਸਿਆ ਇਹ ਤੇਰੀ ਹੱਲ ਹੋਵੇ ?
ਤੂੰ ਆਪਣੀ ਬੁੱਧ ਤਾਈਂ ਵਰਤਿਆ ਨਾ ਪਰਖਿਆ ਹੈ,
ਤੇਰਾ ਡਮਾਕ ਬੜਾ, ਜਿਉਂ ਭਗੌੜਾ ਦੱਲ ਹੋਵੇ ।
ਤੁਹਾਡੀ ਅਕਲ ਤੇ ਪੜਦਾ ਪਿਆ ਜਹਾਲਤ ਦਾ,
ਕਿਸੇ ਸ਼ਰੀਫ ਦੀ ਉਸਤਤ ਨਾ ਇਸ ਤੋਂ ਝੱਲ ਹੋਵੇ ।
ਆਖੇ ਬਾਰੂਾਂ ਨੂੰ ਕਿਉਂ ਮੰਨਦੇ ਪਏ ਕੂਕੇ,
ਅਕਲ ਦੇ ਥੋਥਿਆਂ ਤੋਂ ਗਿਣਨ ਦੀ ਨਾ ਗੱਲ ਹੋਵੇ ।



Sri Satguru Jagjit Singh Ji eLibrary NamdhariElibrary@gmail.com

ਬੇਅੰਤ ਲੋਕ ਬਣੇ ਨੇ ਫਕੀਰ ਲੀਕਾਂ ਦੇ,
ਸੰਘ ਪਾੜਦੇ, ਮੰਦਰ ਦਾ ਜਿਵੇਂ ਟੱਲ ਹੋਵੇ ।

ਕਿ ਜ਼ੈਲ ਸਿੰਘ ਦੀ ਹੁਣ ਜ਼ੈਲ ਹੈ ਵਤਨ ਸਾਰਾ,
ਤਾਬ ਦੋਖੀ ਤੋਂ ਪਰ ਉਸਦੀ ਨਾ ਝੱਲ ਹੋਵੇ ।

ਕਾਹਨੂੰ ਗੋਡੇ ਤੁਸੀਂ ਆਪ ਪੁਣੀ ਜਾਂਦੇ ਹੋ,
ਉਠ ਹੁੰਦਾ ਨਹੀਂ ਅੱਗੇ ਕਿਵੇਂ ਚੱਲ ਹੋਵੇ ।

ਕੋਰਾ ਕਾਗਜ਼ ਤੁਸੀਂ ਢੇਰ ਉਤੇ ਸੁਟਿਆ ਹੈ,
ਤੁਹਾਡੀ ਸੋਝੀ ਤੇ ਰੋਂਦਾ ਜਿਵੇਂ "ਕੰਵਲ" ਹੋਵੇ ।

ਸਮੇਂ ਦੇ ਨਾਲ ਜੇ ਮਿਤਰਾ ਨਾ ਤੈਥੋਂ ਚੱਲ ਹੋਵੇ ।
ਤੂੰ ਦਸ ਖਾ ਕਿਵੇਂ ਸਮੱਸਿਆ ਇਹ ਤੇਰੀ ਹੱਲ ਹੋਵੇ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਜ਼ਿੰਦਗੀ ਵਿਸਵਾਸ਼ ਦਾ ਹੀ ਨਾਮ ਹੈ।
ਕੀਰਤੀ ਮਾਨਵ ਗੁਣਾਂ ਦਾ ਧਾਮ ਹੈ।

ਤੂੰ ਚੁਫੇਰੇ ਸੂਝ ਦਾ ਪ੍ਰਕਾਸ਼ ਕਰ,
ਸੂਝ ਹੀ ਹੰਗਾਮੇ ਦਾ ਵਿਸ਼ਰਾਮ ਹੈ।

ਸੱਚਾ ਰਹਿਬਰ ਤਾਂ ਕਿਸੇ ਵਿਰਲੇ ਲਈ,
ਕੰਮ ਚਲਾਊਆਂ ਦੀ ਤੇ ਚਰਚਾ ਆਮ ਹੈ।

ਹੁਣ ਦੇ ਪਲ ਨੂੰ ਤੂੰ ਬਣਾ ਲੈ ਜੰਨਤੀ,
ਕੀ ਪਤੈ ਕਦ ਜ਼ਿੰਦਗੀ ਦੀ ਸ਼ਾਮ ਹੈ।



Sri Satguru Jagjit Singh Ji eLibrary NamdhariElibrary@gmail.com

ਵੇਚਦਾ ਫਿਰਦਾ ਏਂ ਤੂੰ ਸਭ ਕੁਝ ਕਿਉਂ,
ਸੱਚ ਦਸੀਂ ਅਣਖ ਦਾ ਕੀ ਦਾਮ ਹੈ ?

ਮੌਤ ਤਾਂ ਹੁੰਦੀ ਹੈ ਨਿੱਕਾ ਇਕ ਪੜਾਅ,
ਜਨਮ ਹੀ ਬਸ ਜੀਣ ਦਾ ਅੰਜਾਮ ਹੈ ।

"ਕੰਵਲ" ਦੀ ਖੁਸ਼ਬੋ ਚੁਰਾਵਨ ਵਾਲਿਓ,
ਸੰਭਲ ਕੇ ਜਾਣਾ ਅਗੇਰੇ ਸ਼ਾਮ ਹੈ ।

ਜ਼ਿੰਦਗੀ ਵਿਸ਼ਵਾਸ਼ ਦਾ ਹੀ ਨਾਮ ਹੈ ।
ਕੀਰਤੀ ਮਾਨਵ-ਗੁਣਾਂ ਦਾ ਧਾਮ ਹੈ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਗ਼ਮਾਂ ਦੀ ਕੁਠਾਲੀ 'ਚ ਗਲਦਾ ਰਿਹਾ ਮੈਂ ।
ਤੇ ਸੂਲਾਂ ਦੀ ਨੋਕਾਂ ਤੇ ਪਲਦਾ ਰਿਹਾ ਮੈਂ ।

ਕਿ ਆ ਜਾਏ ਮੈਨੂੰ ਕਿਸੇ ਦੀ ਹੀ ਆਈ,
ਹੋਣੀ ਦੇ ਹਰ ਰਾਹ ਨੂੰ ਮਲਦਾ ਰਿਹਾ ਮੈਂ ।

ਤੇਰੇ ਘਰ 'ਚ ਮੇਰੀ ਖ਼ਬਰ ਤਕ ਨਾ ਪੁੱਜੀ,
ਹਰਿਕ ਸਾਹ, ਸੁਣੇਹੇ ਤੇ ਘਲਦਾ ਰਿਹਾ ਮੈਂ ।

ਬੜੀ ਦੇਰ ਸਾਏ ਹੰਢਾਏ ਸਮੇਂ ਦੇ,
ਬੜੀ ਦੇਰ ਆਪੇ ਨੂੰ ਛਲਦਾ ਰਿਹਾ ਮੈਂ ।



Sri Satguru Jagjit Singh Ji eLibrary NamdhariElibrary@gmail.com

ਜ਼ੁਲਮ ਤੇ ਤਸ਼ੱਦਦ, ਜਬਰ ਤੇ ਤਕੱਬਰ,
ਸਭੀ ਆਫ਼ਤਾਂ ਤਾਈਂ ਝਲਦਾ ਰਿਹਾ ਮੈਂ ।

ਕੰਵਲ ਦੀ, ਪੁਸ਼ਪ ਦੀ, ਘੜੀ ਦੀ ਹੈ ਜ਼ਿੰਦਗੀ,
ਸਦਾ ਜਿਗਰ ਆਪਣਾ ਹੀ ਸੱਲਦਾ ਰਿਹਾ ਮੈਂ ।

ਗ਼ਮਾਂ ਦੀ ਕੁਠਾਲੀ 'ਚ ਗਲਦਾ ਰਿਹਾ ਮੈਂ ।
ਤੇ ਸੂਲਾਂ ਦੀ ਨੋਕਾਂ ਤੇ ਪਲਦਾ ਰਿਹਾ ਮੈਂ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਅਸੀਂ ਜ਼ਮਾਨੇ ਦੀ ਖ਼ਾਕ ਛਾਣੀ ਹੈ।
ਬਾਦਾਖਾਨੇ ਦੀ ਖ਼ਾਕ ਛਾਣੀ ਹੈ।
ਸਰੂਰ ਮਿਲਿਆ ਅਸਾਂ ਨੂੰ ਕਿਧਰੇ ਨਾ
ਹਰ ਪੈਮਾਨੇ ਦੀ ਖ਼ਾਕ ਛਾਣੀ ਹੈ।
ਖ਼ਰਾਬੀ ਦਿਲ ਦੀ ਹਮੇਸ਼ਾਂ ਵਧੱਦੀ ਗਈ,
ਖ਼ੁਦਾ ਦੇ ਖ਼ਾਨੇ ਦੀ ਖ਼ਾਕ ਛਾਣੀ ਹੈ।
ਮੁਕ ਗਏ ਨੇ ਬਹਾਨੇ ਸਾਰੇ ਹੁਣ,
ਹਰ ਬਹਾਨੇ ਦੀ ਖ਼ਾਕ ਛਾਣੀ ਹੈ।
ਕਿਹੜੇ ਕੋਨੇ 'ਚ 'ਕੰਵਲ' ਲਾਵਾਂਗੇ,
ਬੀਆਬਾਨਾ ਦੀ ਖ਼ਾਕ ਛਾਣੀ ਹੈ।
ਅਸੀਂ ਜ਼ਮਾਨੇ ਦੀ ਖ਼ਾਕ ਛਾਣੀ ਹੈ।
ਬਾਦਾਖਾਨੇ ਦੀ ਖ਼ਾਕ ਛਾਣੀ ਹੈ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ ਪਤਝੜ

ਤੁਹਾਡੇ ਬਾਗ ਵਿਚ ਜਿਸ ਦਿਨ ਸਜਣ ਦੀ ਆ ਗਈ ਪਤੱਝੜ ।
ਅਸਾਡੀ ਹੋਂਦ ਉਤੇ ਖਾਹ-ਮ-ਖਾਹੀ ਛਾ ਗਈ ਪਤੱਝੜ ।
ਨਾ ਭੁਲਦਾ ਹੈ, ਨਾ ਵਿਸੱਰਦਾ, ਤੇ ਨਾ ਹੀ ਦਿਲ 'ਚ ਖੁਭਦਾ ਹੈ,
ਕਿ ਨਗਮਾ ਇਸ ਤਰ੍ਹਾਂ ਦਾ ਇਸ ਵਰ੍ਹੇ ਹੈ ਗਾ ਗਈ ਪਤੱਝੜ ।
ਮੇਰੇ ਦਿਲ ਦੀ ਵੀਰਾਨੀ ਦਾ ਇਹ ਆਲਮ ਹੈ ਕਿ ਇਸ ਵਾਰੀ,
ਮੇਰੇ ਦਿਲ ਦੀ ਦਸ਼ਾ ਤਕ ਕੇ ਦਿਲੋਂ ਸ਼ਰਮਾ ਗਈ ਪਤੱਝੜ ।
ਅਸੀਂ ਕੁਝ ਰੁੱਖ ਨੀਵੇਂ ਤੇ ਨਿਮਾਣੇ ਸਰਸਬਜ਼ ਰਹਿੰਦੇ,
ਜਿਨ੍ਹਾਂ ਨੂੰ ਤਕ ਕੇ ਹੈ ਕੌੜ ਅਕਸਰ ਖਾ ਗਈ ਪਤਝੜ ।
'ਕੰਵਲ' ਦੀ ਇਕ ਕਿਆਰੀ ਕਲਪਨਾ ਅੰਦਰ ਲਗਾਈ ਸੀ,
ਤਸੱਵਰ ਨੂੰ ਵੀ ਝਟਪਟ ਹੁਣ ਬਿਲੇ ਹੈ ਲਾ ਗਈ ਪਤਝੜ ।
ਤੁਹਾਡੇ ਬਾਗ ਵਿਚ ਜਿਸ ਦਿਨ ਸਜਣ ਜੀ ਆ ਗਈ ਪਤੱਝੜ ।
ਅਸਾਡੀ ਹੋਂਦ ਉਤੇ ਖਾਹ-ਮ-ਖਾਹੀ ਛਾ ਗਈ ਪਤਝੱੜ ।



Sri Satguru Jagjit Singh Ji eLibrary NamdhariElibrary@gmail.com

## ਕੌਂਵਲ

ਹਰ ਮੁਸੀਬਤ ਵਿੱਚ ਹੈ ਹਸੱਦਾ ਕੰਵਲ ।
ਜ਼ਿੰਦਗੀ ਦਾ ਭੇਤ ਹੈ ਦਸੱਦਾ ਕੰਵਲ ।
ਦਿਲ ਦੀ ਉਜੜੀ ਬਸਤੀ ਵਿਚ ਲੈ ਕੇ ਬਸੰਤ,
ਆਣ ਖਿੜਦਾ ਤੇ ਸਦਾ ਵਸਦਾ ਕੰਵਲ ।
ਬਦਲੇ ਵਾਲੀ ਭਾਵਨਾ ਤੋਂ ਮੁਕਤ ਹੈ,
ਹਰ ਬੁਰਾਈ ਤੋਂ ਪਰੇ ਨਸਦਾ ਕੰਵਲ ।
ਹੋਣੀ ਦੀ ਹਿਕੜੀ 'ਚ ਗੁੰਗੇ ਗੀਤ ਦੀ,
ਹਰ ਤਲੀ ਨੂੰ ਹੋਂਦ ਸੰਗ ਝਸਦਾ ਕੰਵਲ ।
ਭੌਰ ਸੁੱਚੀ ਬਾਸ ਦਾ ਤੇ ਸ਼ੁੱਧੀ ਦਾ,
ਅਮਰ ਫਲ ਦੇ ਵਾਂਗਰਾਂ ਰਸਦਾ ਕੰਵਲ ।
ਹਰ ਮੁਸੀਬਤ ਵਿਚ ਹੈ ਹਸੱਦਾ ਕੰਵਲ ।
ਜ਼ਿੰਦਗੀ ਦਾ ਭੇਤ ਹੈ ਦਸੱਦਾ ਕੰਵਲ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਗੁਨਾਹਾਂ ਲਈ ਨਾ ਗੁਨਾਹ ਕਰਦਾ ਜਾਈਂ,
ਨਾ ਦਾਮਨ ਤੂੰ ਆਪਣਾ ਸਿਆਹ ਕਰਦਾ ਜਾਈਂ ।
ਤੇਰੇ ਵਿਚ ਸ਼ਕਤੀ ਦਾ ਵੱਡਾ ਹੈ ਸੋਮਾ,
ਤੂੰ ਜ਼ਾਲਮ ਨੂੰ ਹਰਦਮ ਤਬਾਹ ਕਰਦਾ ਜਾਈਂ ।
ਮੁਹੱਬਤ ਦੇ ਉਲਫ਼ਤ ਦੇ, ਮਿਹਰਾਂ ਦੇ ਕਾਰਜ,
ਜ਼ਮਾਨੇ ਦੇ ਵਿਚ ਬੇ-ਪਨਾਹ ਕਰਦਾ ਜਾਈਂ ।
ਐਵੇਂ ਮਾਰਦੇ ਨੇ ਉਹ ਮੰਦਰਾਂ 'ਚ ਟਾਹਰਾਂ,
ਤੂੰ ਔਹ ਕਰਦਾ ਜਾਈਂ ਤੂੰ ਆਹ ਕਰਦਾ ਜਾਈਂ ।
'ਕੰਵਲ' ਹਿਰਦਿਆਂ ਦੇ ਖਿੜਣ ਨਾ ਖਿੜਣ ਪਰ,
ਤੂੰ ਕੁਫਰਾਂ ਨੂੰ ਮਿੱਤਰਾ ਫ਼ਨਾਹ ਕਰਦਾ ਜਾਈਂ ।
ਗੁਨਾਹਾਂ ਲਈ ਨਾ ਗੁਨਾਹ ਕਰਦਾ ਜਾਈਂ,
ਨਾ ਦਾਮਨ ਤੂੰ ਆਪਣਾ ਸਿਆਹ ਕਰਦਾ ਜਾਈਂ ।



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਤੇਰੀ ਰੂਹ ਦਾ ਖਿੜਿਆ ਜੇ ਕੰਵਲ ਹੋਵੇ ।
ਚਿਰਾਂ ਤੋਂ ਵਿਗੜੀ ਹੋਈ ਜਿੰਦ ਤੇਰੀ ਵੱਲ ਹੋਵੇ ।

ਤੇਰੀ ਰੰਬੀ ਦੀ ਤੇਜ਼ੀ ਚੰਗੀ ਤਰ੍ਹਾਂ ਦੇਖਾਂ ਮੈਂ,
ਜੇ ਇਹਦੇ ਸਾਹਵੇਂ ਮੇਰੀ ਖੋਪਰੀ ਤੇ ਖੱਲ ਹੋਵੇ ।

ਨਿਰਾਸ਼ ਹੋ ਕੇ ਕਿਉਂ ਮੌਤ ਨੂੰ ਉਡੀਕੇਂ ਤੂੰ,
ਇੰਝ ਮੁਸ਼ਕਲ ਕਿਸੇ ਦੀ ਕਦੇ ਨਾ ਹੱਲ ਹੋਵੇ ।

ਕੀ ਬਣੇਗਾ ਬਈ ਰੁੱਸ ਗਿਆ ਜੇ ਕਿਤੇ ਬਦੱਲ,
ਕਿ ਬਰਖਾ ਬਾਝ ਨਾ ਹਰੀ ਕਦੇ ਫਸਲ ਹੋਵੇ ।

ਅੱਜ ਦੀ ਦੁਨੀਆਂ ਤਾਂ ਮੈਨੂੰ ਹੈ ਕੁਝ ਇੰਝ ਲਗਦੀ,
ਰਾਹੂ ਕੇਤੂ ਦਾ ਸਾਫ ਜਿਵੇਂ ਫਲ ਹੋਵੇ ।

ਕਿਹੜੇ ਕੂੜ ਦੇ ਸਿਰ ਤੇ ਤੂੰ ਮਹਿਲ ਪਾਵੇਂਗਾ,
ਤੇਰੀ ਲੋਥ ਕੋਲੋਂ ਚੱਲ ਤੇ ਨਾ ਗੱਲ ਹੋਵੇ ।

ਕਾਵਿ ਹਿਰਦੇ ਦੀ ਹੈ ਜ਼ਬਾਂ ਦਾ ਬਿਆਂ ਲੋਕੋ,
'ਕੰਵਲ'ਦਿਲ ਬਿਨਾਂ ਨਾ ਗੀਤ ਨਾ ਗ਼ਜ਼ਲ ਹੋਵੇ ।

ਤੇਰੀ ਰੂਹ ਦਾ ਖਿੜਿਆ ਜੇ ਕੰਵਲ ਹੋਵੇ,
ਚਿਰਾਂ ਤੋਂ ਵਿਗੜੀ ਹੋਈ ਜਿੰਦ ਤੇਰੀ ਵੱਲ ਹੋਵੇ ।



Sri Satguru Jagjit Singh Ji eLibrary NamdhariElibrary@gmail.com

## ਤੇਰਾ ਨਾਮ

ਮੰਨਿਆ ਕਿ ਹੋ ਗਿਆ ਹੈ ਮਸ਼ਹੂਰ ਤੇਰਾ ਨਾਮ।
ਲੋਕਾਂ ਦੇ ਦਰਦ ਤੋਂ ਹੈ ਪਰ ਦੂਰ ਤੇਰਾ ਨਾਮ।

ਦੁਖੀਆਂ ਦੇ ਦਰਦ ਨਾਲ ਇਸਦਾ ਕੀ ਹੈ ਵਾਸਤਾ,
ਆਪਣੇ ਹੀ ਨਸ਼ੇ ਵਿਚ ਹੈ ਮਖਮੂਰ ਤੇਰਾ ਨਾਮ।

ਇਸ ਨਾਮ ਵਿਚ ਮੁਰੱਵਤ ਦਾ ਨਾਮ ਨਾ ਨਿਸ਼ਾਨ,
ਨਫ਼ਰਤ ਦੇ ਨਾਲ ਭਰਿਆ ਮਗ਼ਰੂਰ ਤੇਰਾ ਨਾਮ।

ਔਝੜ ਪਏ ਜਹਾਨ ਨੂੰ ਚਾਨਣ ਕੀ ਦੇਵੇਗਾ ?
ਆਪੇ ਹੈ ਨੂੰਰ ਢੋ ਰਿਹਾ ਬੇ-ਨੂਰ ਤੇਰਾ ਨਾਮ।

ਮੂੰਹ ਜ਼ੋਰ ਹੈ, ਬੇਬਾਕ ਹੈ, ਜ਼ਾਲਮ ਹੈ, ਅੱਥਰਾ,
ਕੀ ਖ਼ੂਬ ਰੱਖਿਆ ਹੈ "ਮਜਬੂਰ" ਤੇਰਾ ਨਾਮ।

ਤੂੰ ਰਸ ਨਹੀਂ, ਨਾ ਸ਼ੀਰ ਤੇ, ਨਾ ਫਲ, ਨਾ ਫੁੱਲ ਏਂ,
ਕਿਉਂ ਧਰ ਲਿਆ ਹੈ ਦੁਖ਼ਤਰੇ ਅੰਗੂਰ ਤੇਰਾ ਨਾਮ।

ਇਸ ਨਾਮ ਵਿਚ ਕੁਝ ਮਹਿਕ ਤੇ ਕੁਝ ਦਹਿਕ ਤੂੰ ਪਲੋਸ,
ਤਾਂ ਹੋਵਨਾ ਹੈ 'ਕੰਵਲ' ਨੂੰ ਮੰਜ਼ੂਰ ਤੇਰਾ ਨਾਮ।

ਮੰਨਿਆ ਕਿ ਹੋ ਗਿਆ ਹੈ ਮਸ਼ਹੂਰ ਤੇਰਾ ਨਾਮ।
ਲੋਕਾਂ ਦੇ ਦਰਦ ਤੋਂ ਹੈ ਪਰ ਦੂਰ ਤੇਰਾ ਨਾਮ।



Sri Satguru Jagjit Singh Ji eLibrary NamdhariElibrary@gmail.com

## ਮਿਨੀ ਗ਼ਜ਼ਲ

ਕਿਥੇ ਗਈਆਂ ਅਕਲਾਂ, ਅਕਲਾਂ ?
ਚਹੁੰ ਪਾਸੀਂ ਹਨ ਸ਼ਕਲਾਂ, ਸ਼ਕਲਾਂ ।
ਮਗਰਮੱਛਾਂ ਦੀ ਦੁਨੀਆਂ ਹੋਈ,
ਹਰ ਕੋ ਆਖੇ ਛਕ ਲਾਂ, ਛਕ ਲਾਂ ।
ਆਦਮ ਖੋਰੀ ਕੰਮ ਇਨ੍ਹਾਂ ਦਾ,
ਆਦਮ ਜਣੀਆ ਨਸਲਾਂ, ਨਸਲ਼ਾਂ ।
ਭੇਖਾ ਧਾਰੀ ਲੋਕਾ ਚਾਰੀ,
ਹਰ ਥਾਂ ਹੋਵਨ ਨਕਲਾਂ, ਨਕਲਾਂ ।
ਘਾਇਲ "ਕੰਵਲ" ਹੈ ਮੋਣ ਵਿਗੁਤਾ,
ਤੂੰਬਾ ਤੂੰਬਾ, ਲਸਰਾਂ, ਲਸਰਾਂ ।
ਕਿਥੇ ਗਈਆਂ ਅਕਲਾਂ, ਅਕਲਾਂ ?
ਚਹੁੰ ਪਾਸੀਂ ਹਨ ਸ਼ਕਲਾਂ, ਸ਼ਕਲਾਂ ।



Sri Satguru Jagjit Singh Ji eLibrary NamdhariElibrary@gmail.com

## ਅੱਥਰੂ

ਐ ਮੇਰੇ ਮਿਹਰਬਾਂ ਨਾ ਪੁਛ ਕਿ ਕੇਵੇਂ ਆ ਗਏ ਅਥੱਰੂ,
ਦਿਲੇ ਦਾ ਪਾਟਿਆ ਕੜ, ਨਾਲੇ ਛਹਿਬਰ ਲਾ ਗਏ ਅੱਥਰੂ ।
ਇਹ ਅੱਥਰੂ ਚੁੱਪ ਨੇ, ਸਹਿਮੇ ਹੋਏ, ਦੱਬੇ ਅਤੇ ਕੁਚਲੇ,
ਖਾਮੋਸ਼ੀ ਵਿਚ ਵੀ ਇਕ ਦਾਸਤਾਂ ਦੁਹਟਾ ਗਏ ਅੱਥਰੂ ।
ਅਸਾਡਾ ਹਸੱਣਾ ਤੇ ਖੇਡਣਾ ਉਨਹਾਂ ਨੇ ਝੱਲਿਆ ਨਾਂ,
ਪਤਾ ਨਹੀਂ ਕੇਸ ਪਿਛੇ ਉਹਨਾਂ ਨੂੰ ਹਨ ਭਾ ਗਏ ਅੱਥਰੂ ।
ਜ਼ਮਾਨੇ-ਸਾਜ਼ ਨੂੰ ਨਾਲੇ ਜ਼ਮਾਨੇ ਨੂੰ ਵੀ ਦੇਖਾਂਗੇ,
ਕਿ ਬੰਨ ਕੇ ਲਾਮ ਅੱਜ ਆਈ ਤੇ ਆਖਰ ਆ ਗਏ ਅੱਥਰੂ ।
ਕੰਵਲ ਦੇ ਅੱਥਰੂ ਨੇ ਵਗ ਤੁਰੇ ਅੱਜ ਪੱਤੀਆਂ ਬਣਕੇ,
ਖਿੜੇ ਗੁਲਜ਼ਾਰ ਉਤੇ ਗੀਤ ਬਣ ਕੇ ਛਾ ਗਏ ਅੱਥਰੂ ।
ਐ ਮੇਰੇ ਮਿਹਰਬਾਂ ਨਾ ਪੁਛ ਕਿ ਕੇਵੇਂ ਆ ਗਏ ਅੱਥਰੂ,
ਦਿਲੇ ਦਾ ਪਾਟਿਆ ਕੜ, ਨਾਲੇ ਛਹਿਬਰ ਲਾ ਗਏ ਅੱਥਰੂ ।



Sri Satguru Jagjit Singh Ji eLibrary NamdhariElibrary@gmail.com

# ਮੇਰੀ ਨ਼ਗਮਾ ਸਾਜ਼ੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਗੀਤ ਗ਼ੈਬੀ ਆਵਾਜ਼ਾਂ

ਪਈਆਂ ਅੱਧੀ ਰਾਤੀਂ ਗ਼ੈਬ ਤੋਂ ਆਵਾਜ਼ਾਂ,
ਹਨੇਰਿਆਂ 'ਚ ਭਜਦੇ ਰਹੇ ।
ਨੀਂਦਾਂ ਲੁੱਟ ਲਈਆਂ ਅਣਵੱਜੇ ਸਾਜ਼ਾਂ,
ਸਵੇਰਿਆਂ 'ਚ ਲਭਦੇ ਰਹੇ ।

ਆਂਦਰਾਂ ਦੇ ਕੁਤਰੇ ਕਰਾਏ ਅਸਾਂ ਹੱਸ ਕੇ
ਕੌੜੀ ਫਿਕੀ ਯਾਦ ਨੂੰ ਖੁਆਏ ਅਸਾਂ ਹੱਸ ਕੇ
ਸਾਨੂੰ ਮਾਰ ਲਿਆ ਗ਼ਮਾਂ ਦੇ ਸੁਆਦਾਂ,
ਕਿਸੇ ਨਾ ਅਸੀਂ ਹੱਜ ਦੇ ਰਹੇ ।
ਪਈਆਂ ਅੱਧੀ......
ਸਜਣਾਂ ਦੇ ਪੈਰਾਂ ਤੇ ਚੜ੍ਹਾਇਆ ਭੇਟ ਸੀਸ ਨੂੰ
ਸੀ ਵੀ ਨਾ ਕੀਤੀ ਤੇ ਦਬਾਇਆ ਡੂੰਘੀ ਚੀਸ ਨੂੰ



Sri Satguru Jagjit Singh Ji eLibrary NamdhariElibrary@gmail.com

ਬਰ ਆਈਆਂ ਜਦੋਂ ਸਾਰੀਆਂ ਮੁਰਾਦਾਂ,
ਤੇ ਸੀਸ ਮੁੜ ਸਜਦੇ ਰਹੇ ।
ਪਈਆਂ ਅੱਧੀ......
ਮਾਰੀਆਂ ਅਨੇਕਾਂ ਹੀ ਹਨੇਰਿਆਂ ਨੂੰ ਜੱਫੀਆਂ
ਸਾਂਵਲੇ ਸਾਹਾਂ ਦੇ ਸਾਏ ਤੇਰਿਆਂ ਨੂੰ ਜੱਫੀਆਂ
ਇਹੋ ਹੁੰਦਾ ਰਿਹਾ ਆਦਿ ਤੋਂ ਜੁਗਾਦਾਂ,
ਹਕੀਕਤਾਂ ਨੂੰ ਤਜਦੇ ਰਹੇ ।
ਪਈਆਂ ਅੱਧੀ......
ਜਦੋਂ ਕੋਈ ਸਾਹ ਸੌਖਾ ਲੀਤਾ ਇਤਿਹਾਸ ਨੇ
ਜ਼ਹਿਰ ਦਾ ਪਿਆਲਾ ਪੀਤਾ ਸਾਡੀ ਨਾਮਾਰਾਸ ਨੇ
ਡੰਗ ਮਾਰਿਆ ਜਨੂਨ ਤੇ ਫਿਸਾਦਾਂ,
ਤੇ ਵਹਿਸ਼ੀ ਬਣ ਗੱਜਦੇ ਰਹੇ ।
ਪਈਆਂ ਅੱਧੀ......
ਕੰਵਲਾਂ ਨੂੰ ਫਾਹੇ ਲਾ ਕੇ ਬਾਗਾਂ ਨੂੰ ਉਜਾੜਿਆ
ਲਾਂਬੂ ਲਾ ਬਸੰਤਾਂ, ਬਹਾਰਾਂ ਤਾਈਂ ਸਾੜਿਆ
ਖੂਨ ਪੀਤਾ ਹੈ ਮਨੁਖ ਦਾ ਈਜਾਦਾਂ,
ਇਹ ਹਡੀਆਂ ਤੇ ਰੱਜਦੇ ਰਹੇ ।
ਪਈਆਂ ਅੱਧੀ......
ਪਈਆਂ ਅੱਧੀ ਰਾਤ ਗ਼ੈਬ ਤੋਂ ਆਵਾਜ਼ਾਂ,
ਹਨੇਰਿਆਂ 'ਚ ਭਜਦੇ ਰਹੇ ।
ਨੀਦਾਂ ਲੁਟ ਲਈਆਂ ਅਣਵੱਜੇ ਸਾਜ਼ਾਂ,
ਸਵੇਰਿਆਂ 'ਚ ਲਭਦੇ ਰਹੇ ।



Sri Satguru Jagjit Singh Ji eLibrary NamdhariElibrary@gmail.com

## ਅਸਦ ਅਮਾਨਤ ਦੇ ਨਾਂ

ਸੁਰਖ਼ ਗੁਲਾਬਾਂ ਦੇ ਮੌਸਮ ਵਿਚ
ਫੁੱਲਾਂ ਦੇ ਮੂੰਹ ਕਾਲੇ ।
ਹਰ ਪੱਤੇ ਤੇ ਜ਼ਰਦੀ ਛਾਈ
ਬੂਟਾ ਛਾਲੇ ਛਾਲੇ ।

ਭੌਰਾਂ ਦੇ ਪਰ ਕੁਤਰੇ ਕੁਤਰੇ
ਖੰਭੜੀ ਖੰਭੜੀ ਤਿਤਲੀ
ਕੋਇਲਾਂ ਦੇ ਕੰਠਾਂ ਨੂੰ ਵੱਜੇ
ਸੌ ਸੌ ਮਣ ਦੇ ਤਾਲੇ !



Sri Satguru Jagjit Singh Ji eLibrary NamdhariElibrary@gmail.com

ਘੁਗੀਆਂ ਦਾ ਇਕ ਸੁੰਦਰ ਜੋੜਾ
ਗੁਟਕੂੰ ਗੁਟਕੂੰ ਕਰਦਾ
ਏਸ ਫ਼ਿਜ਼ਾ ਵਿਚ ਸਾਹ ਤੋੜਦਾ
ਲੈ ਗਿਆ ਦੇਸ ਨਿਕਾਲੇ ।
ਜ਼ਹਿਰ ਵਲਿਸੀ ਪੌਣ ਨਿਗਲ ਗਈ
ਕੁਦਰਤ ਦਾ ਸਰਮਾਇਆ
ਮੋਰ ਲਟੋਰ, ਕਬੂਤਰ, ਤਿਲੀਅਰ
ਪੰਛੀ ਫੰਘਾਂ ਵਾਲੇ ।
ਆਦਮਬੋ ਹੁਣ ਬਿਰਖ ਕਰੇਂਦੇ
ਕੁਲ ਵਨਸਪਤ ਘਾਇਲ
ਹਾਬੜ ਗਏ ਸਹਿਰ ਤੇ ਸਾਗਰ
ਨਦੀਆਂ, ਪਰਬਤ, ਨਾਲੇ ।
ਮਾਰੂਥਲ ਵਿਚ ਕੰਵਲ ਦੀ ਡੋਡੀ
ਇਸ ਪਰਲੋ ਤੋਂ ਬਚ ਗਈ
ਮੁੜ ਸ੍ਰਿਸ਼ਟੀ ਨੂੰ ਸਿਰਜਣ ਵਾਲੀ
ਜੁਗਤੀ ਲਭਦੀ ਹਾਲੇ ।
ਸੁਰਖ਼ ਗੁਲਾਬਾਂ ਦੇ ਮੌਸਮ ਵਿਚ,
ਫੁਲਾਂ ਦੇ ਮੂੰਹ ਕਾਲੇ ।
ਹਰ ਪੱਤੇ ਤੇ ਜ਼ਰਦੀ ਛਾਈ,
ਬੂਟਾ ਛਾਲੇ ਛਾਲੇ ।



Sri Satguru Jagjit Singh Ji eLibrary NamdhariElibrary@gmail.com

## ਗੀਤ

ਗੋਰਾ ਲੋਕਾਂ ਲਈ ਜ਼ਰੂਰ ਮੇਰਾ ਯਾਰ ਦਿਸਦਾ ।
ਮੇਰੇ ਉਤੇ ਜਾਨ ਦੇਣ ਨੂੰ ਤਿਆਰ ਦਿਸਦਾ ।

ਉਤੋਂ ਆਖਦਾ ਜ਼ਰੂਰ ।
ਤੇਰਾ ਰੰਗ ਮੰਜ਼ੂਰ ।
ਗਲ ਚੰਮ ਦੀ ਕਰੇਂਦਾ ਹੈ ਚਮਾਰ ਦਿਸਦਾ ।

ਹੱਸੇ ਦੰਦਾਂ ਨਾਲ ਫੇਰ,
ਜਿਵੇਂ ਫੁਲ ਰਿਹਾ ਕੇਰ ।
ਦਿਲੋਂ ਮੇਰੀ ਹੋਂਦ ਨਾਲ ਖਾਂਦਾ ਖ਼ਾਰ ਦਿਸਦਾ ।



Sri Satguru Jagjit Singh Ji eLibrary NamdhariElibrary@gmail.com

ਵਿਚ ਬੈਠਾ ਬਘਿਆੜ,
ਵੇਖੇ ਅੱਖਾਂ ਪਾੜ ਪਾੜ ।
ਉਤੋਂ ਦੁਖੀਆਂ ਦਾ ਸੱਚਾ ਸੇਵਾਦਾਰ ਦਿਸਦਾ ।

ਮੇਰੇ ਖਾ ਗਿਆ ਸਲੂਣੇ,
ਦੋ ਪਰੌਂਠੇ ਵੀ ਨੇ ਊਣੇ ।
ਉਂਝ ਮੇਰੀ ਉਹ ਰਸੋਈਉਂ ਅਵਾਜ਼ਾਰ ਦਿਸਦਾ ।

ਝੂਠ ਬੋਲਦਾ ਬਥੇਰਾ,
ਅੰਨ੍ਹੇ ਪੈਰ ਹੈ ਬਟੇਰਾ ।
ਉਤੋਂ ਸੱਚਾ, ਹੁਸ਼ਿਆਰ, ਵਫਾਦਾਰ ਦਿਸਦਾ ।

ਮੈਨੂੰ ਕਹਿੰਦਾ "ਕਾਨ-ਵਲ",
ਵੀਕ-ਐਂਡ ਬਾਹਰ ਚਲ ।
ਬੀਚ ਉਤੇ ਜਾ ਕੇ ਅਸਲੀ ਮੱਕਾਰ ਦਿਸਦਾ ।

ਗੋਰਾ ਲੋਕਾਂ ਲਈ ਜ਼ਰੂਰ ਮੇਰਾ ਯਾਰ ਦਿਸਦਾ ।
ਮੇਰੇ ਉਤੇ ਜਾਨ ਦੇਣ ਨੂੰ ਤਿਆਰ ਦਿਸਦਾ ।



Sri Satguru Jagjit Singh Ji eLibrary NamdhariElibrary@gmail.com

## ਉਹ ਮੈਨੂੰ ਯਾਦ ਆਂਦੇ ਨੇ

ਜਦੋਂ ਵੀ ਜੁਗਨੂਆਂ ਦੀ ਬਦਲੀਆਂ ਸੰਗ ਬਾਤ ਹੁੰਦੀ ਹੈ,
ਦਿਲ ਦੇ ਚਮਨ ਵਿਚ ਰਮਜ਼ਾਂ ਦੀ ਕੋਈ ਬਰਸਾਤ ਹੁੰਦੀ ਹੈ,
ਜਦੋਂ ਲਹਿਰਾਂ ਨੂੰ ਆਪਣੇ ਸਭ ਕਿਨਾਰੇ ਭੁਲ ਜਾਂਦੇ ਨੇ।
ਉਹ ਮੈਨੂੰ ਯਾਦ ਆਂਦੇ ਨੇ।

ਜਦੋਂ ਮੈਂ ਕਹਿਕਸ਼ਾਂ ਵਿਚ ਨੀਲਗੂੰ ਆਕਾਸ਼ ਦੇ ਅੰਦਰ,
ਕਿਸੇ ਅਣਡਿਠੇ, ਅਣਜਾਣੇ ਹੀ ਇਕ ਵਿਸ਼ਵਾਸ ਦੇ ਅੰਦਰ,
ਸੁਚੇ ਅਰਮਾਨ, ਮੇਰੀ ਦੇਹ ਵਿਚ ਧੌਰੂ ਮਚਾਂਦੇ ਨੇ।
ਉਹ ਮੈਨੂੰ ਯਾਦ ਆਂਦੇ ਨੇ।

ਜਦੋਂ ਪਿਆਸਾ ਪਪੀਹਾ ਲੈਅ ਦੇ ਵਿਚ ਕੋਈ ਸੁਰ ਹਿਲਾਂਦਾ ਹੈ,
ਅਤੇ ਪੰਛੀ ਵੀ ਆਪਣੀ ਰੂਹ ਦਾ ਨਗਮਾ ਸੁਣਾਂਦਾ ਹੈ,



Sri Satguru Jagjit Singh Ji eLibrary NamdhariElibrary@gmail.com

ਤੇ ਮਨ ਦੇ ਮੋਰ ਮਤਵਾਲੇ, ਮੁਗਧ ਹੋ ਪੈਲਾਂ ਪਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।
ਟਿਕੀ ਹੋਈ ਸਾਂਸਾਂ ਰਿਦੇ ਨੂੰ ਚੀਰ ਜਾਂਦੀ ਹੈ,
ਫ਼ਿਜ਼ਾ ਵਿਚ ਲੋਰੀਆਂ ਦੀ ਮਹਿਕ ਅਕਸਰ ਤਿਲਮਿਲਾਂਦੀ ਹੈ,
ਸ਼ਗੂਫੇ ਭੌਰਿਆਂ ਦੀ ਬਾਤ ਜਿਸ ਦਮ ਆਣ ਪਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।
ਜਦੋਂ ਇਹ ਮਨ ਦੀ ਚੰਚਲਤਾ ਕਿਨਾਰਾ ਭਾਲ ਲੈਂਦੀ ਹੈ,
ਗ਼ਮਾਂ ਫਿਕਰਾਂ ਦੀ ਸਾਰੀ ਨਗਰੀ ਤੇ ਜਦ ਓਸ ਪੈਂਦੀ ਹੈ,
ਨਜ਼ਾਰੇ ਗੁਣ-ਗੁਣਾਂਦੇ ਨੇ, ਸਿਤਾਰੇ ਝਿਲਮਿਲਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।
ਜਦੋਂ ਗੁਮਨਾਮ ਦੁਨੀਆਂ ਦਾ ਕੋਈ ਸੰਗੀਤ ਹੁੰਦਾ ਹੈ,
ਰੂਹਾਂ ਦਾ ਮੇਲ ਅਖੀਆਂ ਸਾਹਮਣੇ ਪ੍ਰਤੀਤ ਹੁੰਦਾ ਹੈ,
ਹਜ਼ਾਰਾਂ ਸਾਜ਼ ਵੀ ਝਣਕਾਰ ਵਿਚ ਸੁਪਨੇ ਸਜਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।
ਕਿਸੇ ਦੀ ਯਾਦ ਵਿਚ ਜਦ ਆਤਮਾ ਦੇ 'ਕੰਵਲ' ਖਿੜਦੇ ਨੇ,
ਅਗੰਮੀ ਸੁਆਦ ਵਿਚ ਅਖੀਆਂ ਦੇ ਬੂਹੇ ਆਣ ਭਿੜਦੇ ਨੇ,
ਦੁਖਾਂ ਦੇ ਕਾਫ਼ਲੇ ਮੰਜਿਲ ਤੇ ਆ ਦਮ ਤੋੜ ਜਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।
ਜਦੋਂ ਵੀ ਜੁਗਨੂਆਂ ਦੀ ਬਦਲੀਆਂ ਸੰਗ ਬਾਤ ਹੁਦੀ ਹੈ,
ਦਿਲੇ ਦੇ ਚਮਨ ਵਿਚ ਰਮਜਾਂ ਦੀ ਕੋਈ ਬਰਸਾਤ ਹੁੰਦੀ ਹੈ,
ਜਦੋਂ ਲਹਿਰਾਂ ਨੂੰ ਸਭ ਕਿਨਾਰੇ ਭੁਲ ਜਾਂਦੇ ਨੇ ।
ਉਹ ਮੈਨੂੰ ਯਾਦ ਆਂਦੇ ਨੇ ।



Sri Satguru Jagjit Singh Ji eLibrary NamdhariElibrary@gmail.com

# ਰੁਬਾਈ ਦਾ ਰੰਗ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਰੁਬਾਈ ਮੌਸਮ

### ਇਕ

ਪਤਝੜ ਕੀ ਹੈ ਆਖ਼ਰ, ਜਿਵੇਂ ਹੋਵੇ ਰਾਤ ਮੌਸਮ ਦੀ ।
ਦਿਲੇ-ਨਾਸ਼ਾਦ ਨੂੰ ਮਿਲਦੀ ਦੁਖੀ ਸੌਗਾਤ ਮੌਸਮ ਦੀ ।
ਨਸ਼ੇ ਵਿਚ ਝੂਮ ਕੇ ਪੱਤੇ ਧਰਤ ਤੇ ਆਣ ਡਿਗਦੇ ਨੇ,
ਜਦੋਂ ਵੀ ਲਗਦੀ ਹੈ ਮਿਹਰਬਾਂ ਬਰਸਾਤ ਮੌਸਮ ਦੀ ।



Sri Satguru Jagjit Singh Ji eLibrary NamdhariElibrary@gmail.com

## ਦੋ

ਮੇਰੀ ਕਲਪਣਾ ਵਿਚ ਹੋਂਦ ਹੈ ਅਗਿਆਤ ਮੌਸਮ ਦੀ ।
ਕਿ ਦਿਨ ਵਿਚ ਅਨਕ ਵਾਰੀ ਹੋਂਵਦੀ ਹੈ ਰਾਤ ਮੌਸਮ ਦੀ ।
ਬਹਾਰਾਂ ਨੂੰ, ਬਸੰਤਾਂ ਨੂੰ ਤੇ ਕਲੀਆਂ, ਗੁੰਚਿਆਂ ਤਾਈਂ,
ਦੂਹਾ ਦੂਹੀ ਨਿਗਲੀ ਜਾ ਰਹੀ ਕਾਇਨਾਤ ਮੌਸਮ ਦੀ ।



Sri Satguru Jagjit Singh Ji eLibrary NamdhariElibrary@gmail.com

## ਤਿੰਨ

ਅਖੀਆਂ ਵਿਚ ਸਲ੍ਹਾਭਾ ਹੈ, ਅਤੇ ਪਿਆਰਾਂ ਦਾ ਮੌਸਮ ਹੈ।
ਮੇਰੇ ਹਿਰਦੇ 'ਚ ਐਪਰ ਧੁਖਦੇ ਅੰਗਿਆਰਾਂ ਦਾ ਮੌਸਮ ਹੈ।
ਤਾਹੀਓਂ ਅਰਸ਼ ਤੇ ਇਹ ਭਾਫ ਹੈ, ਬਦੱਲ ਜੋ ਦਿਸਦੇ ਨੇ,
ਇਨ੍ਹਾਂ ਨੂੰ ਜ਼ਿਬਾਹ ਕਰ ਦੇਵੋ, ਗੁਨਾਹਗਾਰਾਂ ਦਾ ਮੌਸਮ ਹੈ।



Sri Satguru Jagjit Singh Ji eLibrary NamdhariElibrary@gmail.com

## ਚਾਰ

ਹਰ ਇਕ ਹੋਂਠ ਉਤੇ, ਯਾਰ ਹੈ, ਤੇਰੇ ਮੌਸਮ ਦੀ ਗੱਲ।
ਕਤਲ ਹੋਣ ਲਈ, ਤਈਆਰ ਹੈ, ਤੇਰੇ ਮੌਸਮ ਦੀ ਗੱਲ।
ਤੂੰ ਇਸਦੀ ਰਖਿੱਆ ਖਾਤਰ ਆ,ਆਪਣਾ ਆਪ ਅਰਪਨ ਕਰ,
ਕਿ ਹਿਰਦੇ 'ਚ, ਬਣ ਗਈ ਖਾਰ ਹੈ, ਤੇਰੇ ਮੌਸਮ ਦੀ ਗੱਲ।



Sri Satguru Jagjit Singh Ji eLibrary NamdhariElibrary@gmail.com

## ਪੰਜ

ਕਿਉਂ ਤੁਸੀਂ ਇਸ ਮੌਸਮ ਨੂੰ ਬੁਰਾ ਕਹਿੰਦੇ ਹੋ ?
ਹਰ ਇਕ ਪਤਝੜ ਦੀ ਕੁੜਿਤਣ ਨੂੰ ਮਜ਼ਾ ਕਹਿੰਦੇ ਹੋ ?
ਇਹ ਉਹ ਨਹੀਂ ਉਹ ਤੇ ਹਰ ਇਕ ਦਿਲ 'ਚ ਵਸਦਾ,
ਤੁਹਾਡੀ ਕੈਦ ਵਿਚ ਕੋਈ ਬੁਤ ਹੈ,ਜਿਸਨੂੰ ਖੁਦਾ ਕਹਿੰਦੇ ਹੋ।



Sri Satguru Jagjit Singh Ji eLibrary NamdhariElibrary@gmail.com

## ਛੇ

ਦੁਨੀਆਂ ਦੇ ਹਰ ਇਕ ਕੋਨੇ 'ਚ ਜ਼ੁਲਮ ਹੁੰਦਾ ਹੈ।
ਮਜ਼ਲੂਮ ਦੇ ਬੇਬਾਕ ਹਰ ਰੋਜ਼ ਹੁਕਮ ਹੁੰਦਾ ਹੈ।
ਇਹ ਖਾਮੋਸ਼ੀ ਹੈ, ਇਕ ਖਾਸ ਤੂਫਾਨ ਦਾ ਅੱਗਾ,
ਤੱਕਣਾ ਕਿਵੇਂ ਖਤਮ ਜ਼ਾਲਮ ਦਾ ਤੁਖਮ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਸੱਤ

ਜਿਗਰ ਦੇ ਦਰਦ ਨੂੰ ਲਫ਼ਜ਼ਾਂ 'ਚ ਬਿਆਂ ਕਰਦਾ ਹਾਂ।
ਦੁਖੀ ਦੁਨੀਆਂ ਉਤੇ ਕਵਿਤਾ ਦੀ ਮੈਂ ਛਾਂ ਕਰਦਾ ਹਾਂ।
ਚਿਕੱੜ ਵਿਚ ਜੰਮਦਾ ਹੈ ਤੇ ਖਿੜਦਾ ਹੈ 'ਕੰਵਲ',
ਵੰਡਦਾ ਹਾਂ ਜ਼ਮਾਨੇ ਨੂੰ ਮਹਿਕ, ਨਗ਼ਮੇ ਨੂੰ ਜਵਾਂ ਕਰਦਾ ਹਾਂ।



Sri Satguru Jagjit Singh Ji eLibrary NamdhariElibrary@gmail.com

## ਅੱਠ

ਕੌਡੀਆਂ ਦੇ ਭਾ ਜ਼ਮਾਨੇ ਦਾ ਚਲਨ ਵਿਕਦਾ ਹੈ।
ਤਨ ਵਿਕਦਾ ਸਦਾ ਆਇਆ ਹੈ ਤੇ ਮਨ ਵਿਕਦਾ ਹੈ।
ਉਸ ਕੌਮ ਤੋਂ ਵਿਕਣ ਦੇ ਅਧਿਕਾਰ ਸਭ ਖੋਹ ਲੈ,
ਜਿਸ ਕੌਮ 'ਚ ਰੋਟੀ ਲਈ ਨਿਰਧਨ ਵਿਕਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਨੌਂ

ਪੂਰਬ ਤੇ ਵਿਕਦਾ ਆਇਆ ਸੀ,ਪਰ ਅੱਜ ਪਛਮ ਵਿਕਦਾ ਹੈ।
ਖੁਲੇ ਬਾਜ਼ਾਰ ਇਹ ਥੋਕ ਦੇ ਭਾ ਹਰ ਦਮ ਵਿਕਦਾ ਹੈ।
ਬੜੀ ਮਹਿੰਗੀ ਵਿਕਦੀ ਹੈ ਇਥੇ ਚੰਦਰਮਾ ਦੀ ਸੁਆਹ,
ਪੁਲਾੜ 'ਚ ਉਡਦੇ ਹੋਏ ਹਵਾਬਾਜ਼ ਦਾ ਐਲਬਮ ਵਿਕਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਦਸ

ਲੰਬੀ ਹੈ ਭਾਵੇਂ ਗ਼ਮ ਦੀ ਰਾਤ, ਇਸ ਨੇ ਮੁੱਕ ਜਾਣਾ।
ਓਹ ਆ ਰਹੀ ਸੁਨਹਿਰੀ ਪ੍ਰਭਾਤ, ਇਸ ਨੇ ਮੁੱਕ ਜਾਣਾ।
ਬੜੀ ਦੇਰ ਚੰਮ ਦੀ ਚਲਾਈ ਜ਼ਾਲਮ ਨੇ,
ਮੁਕਣ ਵਾਲੀ ਹੈ ਇਸਦੀ ਬਾਤ, ਇਸਨੇ ਮੁੱਕ ਜਾਣਾ।



Sri Satguru Jagjit Singh Ji eLibrary NamdhariElibrary@gmail.com

## ਗਿਆਰਾਂ

ਸਮੇਂ ਦੇ ਰੋਗ ਦਾ ਯਾਰੋ ਕੋਈ ਚਾਰਾ ਕਰੋ ।
ਨੀਤੀ ਦੇ ਵਡੇ ਮੇਮਾਰੋ ਕੋਈ ਚਾਰਾ ਕਰੋ ।
ਹਜ਼ਾਰਾਂ ਸਾਲ ਦੀ ਮਿਟ ਜਾਏ ਗੀ ਸਭਿਤਾ ਦੀ ਉਸਾਰੀ,
ਇਸਦੀ ਰਾਖੀ ਲਈ ਉਠੋ-ਖ਼ੁੱਦਾਰੋ ਕੋਈ ਚਾਰਾ ਕਰੋ ।



Sri Satguru Jagjit Singh Ji eLibrary NamdhariElibrary@gmail.com

## ਬਾਰਾਂ

ਖੁਸ਼ ਨਸੀਬ ਨੇ ਜੋ ਜ਼ਿਕਰ ਤੇਰਾ ਕਰਦੇ ਨੇ ।
ਆਪਣੇ ਵਿਰਸੇ ਲਈ ਉਹ ਫ਼ਰਜ਼ ਅਦਾ ਕਰਦੇ ਨੇ ।
ਕੌਮਾਂ ਪਰ ਜ਼ਿਕਰ ਸਹਾਰੇ ਨਾ ਕਦੇ ਜੀ ਸਕੱਣ,
ਅਸਲ ਵਾਰਸ ਨੇ ਜੋ ਵਿਰਸੇ ਦਾ ਹੰਢਾ ਕਰਦੇ ਨੇ ।



Sri Satguru Jagjit Singh Ji eLibrary NamdhariElibrary@gmail.com

## ਤੇਰਾਂ

ਚੌਹੀਂ ਪਾਸੀਂ ਮੇਰੀ ਸਰਕਾਰ, ਕੇਹਾ ਰੌਲਾ ਹੈ ?
ਘਟਨਾਵਾਂ ਦੀ ਹੈ ਭਰਮਾਰ, ਕੇਹਾ ਰੌਲਾ ਹੈ ?
ਖੁਸ਼ਕ ਹੈ ਇਹ ਮਾਹੌਲ ਸੱਚੀ ਕਲਾ ਤੋਂ ਬਿਨਾਂ,
ਕਿਥੇ ਨੇ ਗਏ ਸਾਰੇ ਕਲਾਕਾਰ, ਕੇਹਾ ਰੌਲਾ ਹੈ ?



Sri Satguru Jagjit Singh Ji eLibrary NamdhariElibrary@gmail.com

## ਚੌਦਾਂ

ਮੈਂ ਹਾਂ ਪਰਵਾਸੀ ਤੇ ਪਰਵਾਸ ਹੈ ਪਰਵਾਜ਼ ਮਿਰਾ।
ਬੇਖ਼ੁਦੀ ਨਹੀਂ ਸਗੋਂ ਨਮੋਸ਼ੀ ਹੈ ਅਸਲ ਰਾਜ਼ ਮਿਰਾ।
ਏਸ ਪਰਵਾਜ਼ ਲਈ ਤਰਸਦੇ ਮੇਰੇ ਵਤਨ ਦੇ ਲੋਕੋ,
ਸੰਭਲੋ ਤੇ ਜ਼ਰਾ ਸਮਝੋ ਕਿ ਕੀ ਹੈ ਕਾਜ਼ ਮਿਰਾ।



Sri Satguru Jagjit Singh Ji eLibrary NamdhariElibrary@gmail.com

## ਪੰਦਰਾਂ

ਵਤਨ ਦੀ ਯਾਦ, ਉਦਾਸੀ ਤਾਂ ਖਤਮ ਹੋਣੀ ਨਹੀਂ ।
ਇਹ ਆਵਾਗੌਣ, ਚੁਰਾਸੀ ਤਾਂ ਖਤਮ ਹੋਣੀ ਨਹੀਂ ।
ਐ 'ਕੰਵਲ' ਉੱਠ ਤੋੜ ਦੇ ਰਾਹੂ ਕੇਤੂ ਦਾ ਵਜੂਦ,
ਬਿਨਾਂ ਸੰਗਰਾਮ ਤੋਂ ਇਹ ਰਾਸ਼ੀ ਤਾਂ ਖਤਮ ਹੋਣੀ ਨਹੀਂ ।

## ਸੋਲਾਂ

ਲੋਕੀ ਐਕਸ਼ਨ ਦੀ ਥਾਂ ਐਕਟਿੰਗ ਹੀ ਅਦਾ ਕਰਦੇ ਨੇ ।
ਸਾਰੀ ਹਿਲਜੁਲ ਉਹ ਤੇ ਭਾੜੇ ਦੇ ਹੀ ਭਾ ਕਰਦੇ ਨੇ ।
ਬਿਨਾਂ ਕੁਰਬਾਨੀ ਤੋਂ ਕੋਈ ਵੀ ਫਲ ਨਹੀਂ ਮਿਲਦਾ,
ਇਹ ਦਿਖਾਵਾ ਤੇ ਕਈ ਚਿਰ ਤੋਂ ਸਦਾ ਕਰਦੇ ਨੇ ।



Sri Satguru Jagjit Singh Ji eLibrary NamdhariElibrary@gmail.com

## ਸਤਾਰਾਂ

ਆਈ ਆਈ ਹੁਣ ਮਜ਼ਲੂਮ ਦੀ ਵਾਰੀ ਆਈ।
ਜਦੋਂ ਤਾਕਤ ਉਸਦੇ ਹੱਥ ਵਿਚ ਸਾਰੀ ਆਈ।
ਬਿਨਾ ਪੀਤੇ ਹੀ ਜਦੋਂ ਮਿਹਨਤ ਹੋਈ ਮਖਮੂਰ,
ਪੱਤੇ ਪੱਤੇ ਤੇ ਜ਼ਿਆ, ਕਣ ਕਣ ਨੂੰ ਖੁਮਾਰੀ ਆਈ।

## ਅੱਠਾਰਾਂ

ਤੋਪਾਂ ਅੱਗੇ ਵੀ ਖਲੋ ਸਕਦੇ ਨੇ, ਮਰ ਸਕਦੇ ਨੇ।
ਕੂਕੇ ਹਰ ਇਕ ਅਣਹੋਣੀ ਦੀ ਕਥਾ ਕਰ ਸਕਦੇ ਨੇ।
ਇਹ ਵਤਨ ਵਿਚ ਨੇ, ਜਾਂ ਹੋਣ ਵਤਨ ਤੋਂ ਬਾਹਰ,
ਵਤਨ ਦੀ ਰਾਖੀ ਦਾ ਭਰਪੂਰ ਹੁੰਗਾਰਾ ਭਰ ਸਕਦੇ ਨੇ।



Sri Satguru Jagjit Singh Ji eLibrary NamdhariElibrary@gmail.com

## ਉਨ੍ਹੀ

ਇਹਨਾਂ ਵਿਚ ਇਖਲਾਕ ਤੇ ਇਤਫਾਕ, ਜਵਾਂ ਮਰਦੀ ਹੈ
ਹਰ ਹਕੀਕਤ ਤਾਹੀਉਂ ਇਹਨਾਂ ਦਾ ਪਾਣੀ ਭਰਦੀ ਹੈ।
ਤੜਕਸਾਰ, ਬਰਫਕਾਲ, ਨਦੀ ਵਿਚ ਤੂਫਾਨ,
ਇਹਨਾਂ ਦੇ ਕੋਸ਼ 'ਚ ਕਿਧਰੇ ਵੀ ਨਾਹੀਂ ਸਰਦੀ ਹੈ।

## ਵੀਹ

ਇਹ ਸੁੱਤੀ ਕੌਮ ਵਾਲੀ ਅਣਖ ਨੂੰ ਜਗਾਵਣ ਗੇ।
ਸਹੀ ਅਰਥਾਂ 'ਚ ਸਤਿਯੁਗ ਇਹ ਲੈ ਕੇ ਆਵਣਗੇ।
ਨੁਕਤਾ ਚੀਨੋਂ ਜ਼ਰਾ ਦਮ ਤੇ ਲਵੋ, [illegible]
ਇਹ ਸਚ ਮੁਚ ਹੀ ਇਸ ਯੁਗ ਨੂੰ ਵੀ ਪਲਟਾਵਣਗੇ।



Sri Satguru Jagjit Singh Ji eLibrary NamdhariElibrary@gmail.com

## ਇੱਕੀ

ਗ਼ਮਾਂ ਦੇ ਕਾਫਲੇ ਆਂਦੇ ਨੇ ਤੇ ਤੁਰ ਜਾਂਦੇ ਨੇ ।
ਸਭ ਹੌਕੇ ਅਤੇ ਹਾਵੇ ਬਰਫ ਵਾਗਰਾਂ ਖੁਰ ਜਾਂਦੇ ਨੇ ।
ਮੇਰੇ ਸੁਪਨੇ ਭਾਵੇਂ ਵਡੇ ਨਹੀਂ,ਪਰ ਦੁਖ ਦੀ ਇਹ ਗੱਲ ਹੈ,
ਕਿ ਤੇਰੀ ਯਾਦ ਦੇ ਪੁੜ ਹੇਠਾਂ ਹੀ ਭੁਰ ਜਾਂਦੇ ਨੇ ।

## ਬਾਈ

ਤੁਸੀਂ ਅਕਸਰ ਹੀ ਜਾ ਮਹਿਫਿਲ ਨੂੰ ਗਰਮ ਕਰਦੇ ਹੋ ।
ਚਿਰਾਂ ਦੀ ਫੈਲੀ ਉਦਾਸੀ ਤੇ ਕਰਮ ਕਰਦੇ ਹੋ ।
ਇਹ ਖਾਣ ਪੀਣ ਵੀ ਹੋ ਸਕਦੈ, ਕਹਿਣਾ ਸੁਣਨਾ ਵੀ,
ਹਰ ਕੈਫ਼ੀਅਤ ਤੇ ਖਾਹ-ਮ-ਖਾਹ ਹੀ ਭਰਮ ਕਰਦੇ ਹੋ ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com